# ਵਤਨੋਂ ਦੂਰ



[illegible]

— ਰੋਡੇ

april 76 : 435-6111 : 50¢ ਸੰਪਾਦਕ: ਸੁਰਿੰਦਰ ਧੰਜਲ ਇਸ ਅੰਕ ਦਾ ਸੰਪਾਦਕ: ਅਜਮੇਰ ਰੋਡੇ

# FINANCIAL PLANNING



T. RAJ KAPAHI C.L.U.
*Unit Supervisor*
Res.: 433-3441

Too many financial programs are like leaky faucets. But they waste dollars, instead of water. Maybe because somebody didn't plan the program carefully enough. Dollars should be forced to work hard. May I review your Program? If it is adequate, you'll be happy to know. If not, perhaps I can help! Interested?



RAVI MATHUR
*Representative*
Res.: 438-2307

*The* **Monarch Life**
**ASSURANCE COMPANY**

**1520–777 HORNBY STREET, VANCOUVER 1, B.C.  BUS.: 689-8831**



GREAT SHOW OF WEDDING SAREES

# FRONTIER CLOTH HOUSE

*(Wholesalers, Retailers and Importers)*

*6672 MAIN STREET*
*VANCOUVER, B.C.*

Bus.: 325-4424
Res.: 879-7863

***We Have Quality As Well As Quantity!***

SPECIALISTS IN:
India Suits, Sarees, Lehngas, Capes, Hars, and
*other Indian Goods.*

Japanese printed and plain sarees and suits, British cardigans, shirts, ladies' suits and children's clothes.

**HEAD OFFICE: NEW FRONTIER CLOTH HOUSE**
**PHAGWARA (PANJAB)**
**INDIA**

**Phone 2373**

Manager Vancouver Branch
SUSHIL BATRA

Phone: 325-4424

KULDIP SINGH AND H. SANGHA
announces the opening of

# TAJ MAHAL

RESTAURANT

*(Licenced Premises)*

at



**2420 MAIN ST. (at 7th Ave.) – 876-8133 – OPEN 7 DAYS A WEEK – 11 A.M. TO 11 P.M.**

Where you can get Chicken Pishori, Chicken Tandori, Chicken Potato, Chops, Chicken Curry, Beef Curry, Lamb Curry, Prawn Curry, Keema Smosa, Keema Nahn, Nahn Fish Fried, Meat Pickles, Masala Dosa, Chhole Bnature, Ras Malia, Ras Gulla's and many other East Indian sweets.

★ BEST EAST INDIAN FOODS: ★

*Eat Like A King at*

• ਤਾਜ ਮਹੱਲ •

2420 ਮੇਨ ਸਟਰੀਟ (7 ਐਵੇਨਿਊ) ਫੋਨ: 876-7313

# MORTGAGE LOANS

Professional service available for all types of mortgage loans including:

**O NEW AND OLDER HOMES**

**O COMMERCIAL, INDUSTRIAL AND APARTMENTS**

**O VACANT LAND AND FARMS**

**Phillips Capital Corporation operates on a flat fee basis of 2%. There are no bonuses or hidden charges.**

ਤੁਹਾਨੂੰ ਨਵੇਂ ਜਾਂ ਪੁਰਾਣੇ ਘਰ, ਅਪਾਰਟਮੈਂਟ ਜਾਂ ਫਾਰਮ ਖ੍ਰੀਦਣ ਲਈ
ਮੌਰਗੇਜ ਅਸਾਨ ਸ਼ਰਤਾਂ ਅਤੇ ਅਸਾਨ ਕਿਸ਼ਤਾਂ ਉਪਰ ਲੈਣਾ
ਅਬਦੁਲ ਪਟੇਲ ਰਾਹੀਂ ਮਿਲ ਸਕਦਾ ਹੈ। ਕਿਸੇ ਵੀ ਕਿਸਮ ਦਾ
ਟਰਸਟ ਬੈਂਕ ਜਾਂ ਸਿਰਫ ਮੌਰਗੇਜ ਲੈਣ ਲਈ ਅੱਜ ਹੀ
ਅਬਦੁਲ ਪਟੇਲ ਨੂੰ ਫੋਨ ਕਰੋ।



**ABDUL PATEL**
(Financial Consultant)

Bus.: 588-0411
Res.: 224-9244 (eves.)

REFERENCES AVAILABLE

# PHILLIPS CAPITAL CORPORATION

**10673 KING GEORGE HIGHWAY, SURREY, B.C.**

**Ph. 588-0411**

ਕ

ਹਾ

ਣੀ

:

# ਮੁਖੌਟੇ

ਜਗਦੀਸ਼ ਕੌਸ਼ਲ

"ਉਏ ਮੀਤੂ ! ਕੰਜਰ ਦਿਆ ਪੈਸੇ ਨੀ ਦੇਣੇ ਉਏ !" ਜਗਤਾ ਬਾਣੀਆਂ ਲੰਘਦੇ ਜਾਂਦੇ ਮੀਤੂ ਨੂੰ ਇਸੇ ਤਰ੍ਹਾਂ ਬੁਲਾਉਂਦਾ।

ਮੀਤੂ ਰਤਾ ਕੁ ਪੈਰ ਮਲ ਕੇ ਕਹਿੰਦਾ, "ਓ ਦੇ ਦਿਆਂਗੇ ਲਾਲਾ ਜੀ ! ਪਿੰਡ ਤਾਂ ਨੀ ਛੱਡ ਚੱਲੇ !"

"ਪਿੰਡ ਛਡਦੇ ਦਾ ਕੁਸ਼ ਪਤਾ ਲਗਦੈ ! ਵਰ੍ਹਾ ਹੋ ਗਿਆ ਤੇਰੇ ਪਿਛੇ ਜੁੱਤੀਆਂ ਘਸਾਉਂਦਿਆਂ। ਐਂ ਸਾਡਾ ਕੰਮ ਕਿਮੇਂ ਚੱਲੂ। ਘਰੋਂ ਕਢ ਕਢ ਕਦੋਂ ਤਾਈਂ ਖਾਵਾਂਗੇ।" ਜਗਤਾ ਹੱਟੀਓਂ ਨਿਕਲ ਕੇ ਬਾਹਰ ਆ ਖੜੋਂਦਾ ਤੇ ਉੱਚੀ ਉੱਚੀ ਕਿੰਨਾਂ ਕੁਝ ਬੋਲਦਾ ਰਹਿੰਦਾ।

"ਓ ਦੇ ਦਿਆਂਗੇ, ਦੇ ਦਿਆਂਗੇ ! ਚਾਰ ਦਿਹਾੜੀਆਂ ਚੰਗੀਆਂ ਲੱਗ ਲੈਣ ਕੇਰਾਂ।" ਕਹਿੰਦਾ ਹੋਇਆ ਮੀਤੂ ਕਾਹਲੇ ਕਦਮੀਂ ਤੁਰਿਆ ਜਾਂਦਾ। ਪਿਛੋਂ ਜਗਤੇ ਬਾਣੀਏ ਦੇ ਬੋਲ ਉਹਦੀ ਪਿੱਠ ਤੇ ਵਜਦੇ ਰਹਿੰਦੇ। ਸੱਥ 'ਚ ਬੈਠੇ ਲੋਕ ਸੁਣਦੇ। ਮੀਤੂ ਨੂੰ ਸ਼ਰਮ ਵੀ ਆਉਂਦੀ ਤੇ ਗੁੱਸਾ ਵੀ ਪਰ ਉਹ ਬੇਬਸ ਹੋਇਆ ਸੋਚਦਾ ਜਾਂਦਾ, 'ਜਗਤੇ ਨੇ ਮਿੱਤ ਸਿਹੁੰ ਨੰਬਰਦਾਰ, ਪ੍ਰੇਮਾ ਖਾਂਘੜ, ਜੱਗਰ ਲੋਹਗੜ੍ਹੀਆ ਤੇ ਹੋਰ ਕਈਆਂ ਤੋਂ ਵੀ ਪੈਸੇ ਲੈਣੇ ਸਨ, ਪਰ ਉਹਨਾਂ ਨੂੰ ਉਹ ਕਦੇ ਉੱਚਾ ਬੋਲ ਕੇ ਨਹੀਂ ਸੀ ਪੁੱਛਦਾ; ਮੈਨੂੰ ਈ ਕਿਉਂ ਸੂਈ ਕੁੱਤੀ ਆਂਗੂ ਪੈਂਦੈ !' ਜਿੰਨਾਂ ਉਹ ਸੋਚਦਾ ਉਹਦੀ ਖਿਝ ਵਧਦੀ ਜਾਂਦੀ।

ਆਪਣੀ ਖਿਝ ਉਹ ਪਿਉ ਤੇ ਜਾ ਝਾੜਦਾ, "ਲੈ, ਸੁਣ ਲੈ ਹੁਣ ਸਲੋਕ, ਪਤਿਉਰ੍ਹੇ ਮੂਰੇ ਦੇ। ਹੱਟ ਕੋਲ ਦੀ ਲੰਘੋ ਤਾਂ ਗਲ 'ਚ ਗੂਠਾ ਦੇ ਕੇ ਖੜ੍ਹ ਜਾਂਦੈ। ਹੁਣ ਭਰ ਉਹੰਦੇ ਟਕੇ। ਉਦੋਂ ਆਖਿਆ ਸੀ ਬੀ ਨਾ ਬਾਹਲੋ ਫੜ ! ਉਦੋਂ ਤਾਂ ਆਂਹਦਾ ਸੀ — ਤੇਤ ਸਿਰ ਨੂੰ ਚੰਗਾ ਨਾ ਕੀਤਾ ਤਾਂ ਲੋਕੀਂ ਕੀ ਆਖਣਗੇ। ਹੁਣ ਤਾਂ ਲੋਕੀਂ ਭਰਨਗੇ ਤੇਰੀ ਥਾਂ ਪੌਂਡ — ਹਜੇ ਤਾਂ ਦੋ ਹੋਰ ਪਈਐਂ ਬਾਰੋਂ ਉਠਾਉਣ ਵਾਲੀਆਂ। ਉਦੀਂ ਜੰਮ ਜੰਮ ਸਿੱਟੀ ਆਇਆ। ਆਪ ਹੁਣ ਪੈ ਗਿਆ ਮੰਜੇਲੇ ਤੇ..."

"ਓ ਭਾਈ, ਮੈਂ ਕੋਈ ਸ਼ੌਂਕ ਨੂੰ ਪਿਐਂ। ਨਹੀਂ ਹੱਡ ਗੋਡੇ ਤੁਰਦੇ ਤਾਂ ਦੱਸ ਮੈਂ ਕਿਹੜੇ ਖੂਹ 'ਚ ਡਿੱਗ ਪਾਂ ਜਾ ਕੇ...ਨਾਲੇ ਕੁੜੀ ਨੂੰ ਮੈਂ ਕੀ ਸੱਗੀ ਫੁੱਲ ਪਾ 'ਤੇ ? ਤੇਤ ਸਿਰ ਨੂੰ ਦੋ ਲੀੜੇ ਵੀ ਨਾ ਦਿੰਦੇ ? ਜੰਨ ਦੇ ਚਹੁੰ ਬੰਦਿਆਂ ਨੂੰ ਵੀ ਚਾਹ ਪਾਣੀ ਪੁੱਛਣਾ ਈ ਬਣਦਾ ਸੀ। ਨਾਲੇ ਮੈਨੂੰ ਕੀ ਪਤਾ ਸੀ ਬੀ ਮੈਂ ਐਂ ਮੰਜੇ ਤੇ ਪੈ ਜੂੰ — ਮੈਂ ਤੁਰਨੋਂ ਫਿਰਨੋਂ ਨਾ ਰਹਿ ਜਾਂਦਾ ਤਾਂ ਤੈਨੂੰ ਕਾਹਨੂੰ ਔਖਾ ਹੋਣ ਦਿੰਦਾ — ਕੋਈ ਨੀ, ਘਬਰਾਈਦਾ ਨੀ ਹੁੰਦਾ ਐਵੇਂ। ਮੈਂ ਜਾਊਂ ਹੌਲੀ ਹੌਲੀ ਜਗਤੇ ਕੋਲ। ਦੇਣ ਲੈਣ ਤਾਂ ਸੰਸਾਰ 'ਚ ਤੁਰਿਆ ਈ ਆਉਂਦੈ।"

ਪਿਉ ਦੀਆਂ ਨਦਮਾਈ ਵਾਲੀਆਂ ਗੱਲਾਂ ਸੁਣ ਕੇ ਮੀਤੂ ਦਾ ਪਾਰਾ ਹੇਠਾਂ ਆ ਜਾਂਦਾ। ਉਲਟਾ ਉਹਨੂੰ ਪਛਤਾਵਾ ਲਗ ਜਾਂਦਾ ਕਿ ਸਾਧੂ-ਸੁਭਾ ਪਿਉ ਨੂੰ ਕੌੜਾ ਕਿਉਂ ਬੋਲਿਆ। ਉਹਨੂੰ ਯਾਦ ਆ ਜਾਂਦਾ ਕਿ ਪਿਉ ਨੇ ਉਹਨੂੰ ਕਦੇ ਔਖਾ ਨਹੀਂ ਸੀ ਹੋਣ ਦਿੱਤਾ। ਦਿਹਾੜੀਆਂ ਤੇ ਜੋੜ-ਜੋੜ ਕਰਕੇ ਉਹਨੇ ਮੀਤੂ ਨੂੰ ਪਿੰਡ ਦੇ ਸਕੂਲ 'ਚ ਅੱਠਵੀਂ ਤੱਕ ਪੜ੍ਹਾ ਲਿਆ ਸੀ। ਕਿਹੜੇ ਦੇ ਹੋਰ ਘਰਾਂ ਵਾਂਗ ਉਹਨੇ ਮੀਤੂ ਨੂੰ ਮਾਲ ਡੰਗਰ ਮਗਰ ਕਦੇ ਨਹੀਂ ਸੀ ਲਾਇਆ, ਕਦੇ ਕਿਧਰੇ ਸੀਰੀ ਪਾਲੀ ਨਹੀਂ ਸੀ ਰਲਾਇਆ। ਉਂਜ ਮੀਤੂ ਆਪਣੀ ਮਰਜ਼ੀ ਨਾਲ ਹਾੜ੍ਹੀ ਸਾਉਣੀ ਦਿਹਾੜੀਆਂ ਲਾ ਕੇ ਚਾਰ ਪੈਸੇ ਬਣਾ ਲੈਂਦਾ ਸੀ।

ਪਿਉ ਦੀ ਬਿਮਾਰੀ, ਘਰ ਦੀਆਂ ਤੰਗੀਆਂ, ਮੁਟਿਆਰਾਂ ਹੋ ਚੱਲੀਆਂ ਦੋ ਭੈਣਾਂ ਤੇ ਜਗਤੇ ਬਾਣੀਏ ਦੇ ਕੌੜੇ ਬੋਲ ਮੀਤੂ ਨੂੰ ਸੋਚਣ ਤੇ ਮਜਬੂਰ ਕਰ ਦਿੰਦੇ ਕਿ ਉਹ ਕਿਹੜਾ ਖੂਹ ਪੁੱਟ ਕੇ ਲਿਆਵੇ ਕਿ ਭੋਰਾ ਸੁੱਖ ਦਾ ਸਾਹ ਆਵੇ। ਦਿਹਾੜੀਆਂ ਕਰ ਕਰ ਕੇ ਤਾਂ ਪੂਰਾ ਨਹੀਂ ਪੈਂਦਾ। ਉਹਨੇ ਕਿਧਰੇ ਚਪੜਾਸ ਕਰਨ ਲਈ ਵੀ ਹੱਥ ਪੱਲਾ ਮਾਰਿਆ। ਪਰ ਹਰ ਵਾਰ ਇੰਟਰਵਿਊ ਤੇ ਜਾ ਕੇ ਦੇਖਿਆ ਕਿ ਬੀ. ਏ. ਬੀ. ਏ. ਪੜ੍ਹੇ ਵੀ ਚਪੜਾਸ ਲਈ ਅਰਜ਼ੀਆਂ ਚੁਕੀ ਫਿਰਦੇ ਸਨ। ਉਹ ਹਰ ਵਾਰ ਨਿਰਾਸ਼ ਹੋ ਕੇ ਮੁੜਿਆ।

ਜਦੋਂ ਕਿਧਰੇ ਉਹਦਾ ਬਹੁਤ ਹੀ ਨੱਕ 'ਚ ਦਮਾ ਆਉਂਦਾ, ਜੋ ਅਕਸਰ ਆਇਆ ਰਹਿੰਦਾ, ਤਾਂ ਉਹ ਛਿੰਦਰ ਦੇ ਚੁਬਾਰੇ ਵਿਚ ਜਾ ਬਹਿੰਦਾ ਤੇ ਸ਼ਿਕਾਇਤ ਕਰਦਾ, "ਯਾਰ, ਆਹ ਲਾਲੇ ਤੋਂ ਬੜੇ ਤੰਗ ਐਂ। ਪਤਿਉਰ੍ਹੇ ਮੇਰੇ ਦਾ, ਲੰਘਣ ਕਿਹੜਾ ਦਿੰਦੈ ਹੱਟ ਕੋਲ ਦੀ।"

ਛਿੰਦਰ ਉਹਨੂੰ ਧੀਰਜ ਦਿੰਦਾ, "ਕੋਈ ਨੀ, ਸਭ ਸੂਤ ਹੋ ਜੂ। ਕੋਈ ਦਿਨ ਈ ਜਾਂਦੈ। ਜਗਤੇ ਅਰਗੇ ਜਦੋਂ ਕਪਾਹਾਂ ਗੁੱਡਣ ਲਾ ਤੇ ਕੇਰਾਂ, ਤਾਂ ਬਹਿ ਖਹਿ ਕੇ ਖਾਧਾ

ਬਿਆਜ ਤੇ ਗਰੀਬਾਂ ਦਾ ਪੀਤਾ ਲਹੂ ਬਿਆਜ ਸਮੇਤ ਮੁੜਿਆਊ ।"

ਕਹਿੰਦਾ ਕਹਿੰਦਾ ਛਿੰਦਰ ਭਾਵੁਕ ਹੋ ਉਠਦਾ ਤੇ ਮੰਜੇ ਉਤੇ ਸਿੱਧਾ ਹੋ ਕੇ ਬੈਠ ਜਾਂਦਾ । ਹਥਲੀ ਕਿਸੇ ਕਿਤਾਬ ਨੂੰ ਇਕ ਪਾਸੇ ਧਰ ਕੇ ਰੋਹ ਵਿਚ ਬੋਲਦਾ ਤੇ ਹੱਥਾਂ ਦੇ ਇਸਾਰੇ ਇੰਜ ਕਰਦਾ, ਜਿਵੇਂ ਜਗਤੇ ਵਰਗਿਆਂ ਉਤੇ ਕਪਾਹਾਂ ਗੁੱਡਣ ਲਈ ਹੁਕਮ ਚਲਾ ਰਿਹਾ ਹੋਵੇ ।

ਕਦੇ ਕਦੇ ਮੀਤੂ ਨੂੰ ਛਿੰਦਰ ਦੀਆਂ ਗੱਲਾਂ ਕਿਸੇ ਹੋਰ ਦੁਨੀਆਂ ਦੀਆਂ ਜਾਪਦੀਆਂ । ਉਹ ਜਗਤੇ ਦਾ ਫੌਰੀ ਇਲਾਜ ਲੱਭਣ ਲਈ ਗੱਲ ਨੂੰ ਅੱਗੇ ਤੋਰਦਾ —

"ਮੈਂ ਆਂਹਦਾ ਸੀ ਬੀ ਕਿਧਰੇ ਕੋਈ ਨੌਕਰੀ ਨੁਕਰੀ ਦਾ ਜੁਗਾੜ ਬਣ ਜਾਂਦਾ ਤਾਂ ਜਗਤੇ ਦਾ ਫਾਹਾ ਵੱਢ ਦਿੰਦੇ ਵਿਚੋਂ । ਤੇਰੇ ਕਾਲਜ ਵੇਲੇ ਦੇ ਕੋਈ ਯਾਰ ਬੇਲੀ ਹੋਣ ਤਾਂ ਕਿਸੇ ਨਾਲ ਗੱਲ ਕਰ ਵੇਖ । ਤੂੰ ਤਾਂ ਤੁਰਦਾ ਫਿਰਦਾ ਰਿਹੈਂ ।"

ਛਿੰਦਰ ਆਪਣੀ ਬੇਬਸੀ ਦਸਦਾ, "ਭਰਾਵਾ, ਕਾਲਜ ਵਿਚ ਤਾਂ ਦੋ ਤਰ੍ਹਾਂ ਦੇ ਬੰਦੇ ਸੀ ਆਪਣੇ ਨਾਲ—ਇਕ ਤਾਂ ਉਹ ਜਿਹੜੇ ਖਾਂਦੇ ਪੀਂਦੇ ਘਰਾਂ ਦੇ ਸੀ ਤੇ ਐਸ਼ਾਂ ਕਰਨ ਕਾਲਜ ਆਉਂਦੇ ਸੀ, ਉਹਨਾਂ ਨਾਲ ਆਪਣੀ ਸੁਰ ਨਹੀਂ ਸੀ ਮਿਲਦੀ । ਤੇ ਜਿਨ੍ਹਾਂ ਨਾਲ ਮਿਲਦੀ ਸੀ, ਉਹ ਆਪਣੇ ਵਾਂਗੂੰ ਨੰਗ-ਮਲੰਗ ਸਨ ।

ਮੀਤੂ ਨੂੰ ਛਿੰਦਰ ਕੋਲੋਂ ਭਾਵੇਂ ਲੈਣ ਦੇਣ ਨੂੰ ਕੁਝ ਨਹੀਂ ਸੀ, ਪਰ ਭਵਿਖ ਲਈ ਉਹਨੂੰ ਇਕ ਚੰਗਾ ਲਾਰਾ ਜਿਹਾ ਜ਼ਰੂਰ ਮਿਲਦਾ । ਏਸੇ ਲਈ ਛਿੰਦਰ ਕੋਲ ਉਹ ਅਕਸਰ ਜਾ ਬੈਠਦਾ । ਉਥੇ ਜਾਣ ਦਾ ਉਹਨੂੰ ਏਸ ਗੱਲੋਂ ਵੀ ਸੁਆਦ ਮਿਲਦਾ ਕਿ ਛਿੰਦਰ ਉਹਨੂੰ ਆਪਣੇ ਬਰਾਬਰ ਮੰਜੇ ਉਤੇ ਬਿਠਾਉਂਦਾ, ਜਦੋਂ ਕਿ ਪਿੰਡ ਵਿਚ ਹੋਰ ਕਿਧਰੇ ਵਿਹੜੇ ਦੇ ਬੰਦਿਆਂ ਨੂੰ ਇਹੋ ਜਿਹੀ ਖੁੱਲ੍ਹ ਨਹੀਂ ਸੀ ਮਿਲਦੀ । ਛਿੰਦਰ ਕੋਲ ਬੈਠਿਆਂ ਉਹ ਦੁਨੀਆਂ ਭਰ ਦੇ ਫਿਕਰਾਂ ਤੋਂ ਮੁਕਤ ਹੋ ਜਾਂਦਾ । ਪਰ ਜਗਤੇ ਬਾਣੀਏ ਦਾ ਭੂਤ ਫੇਰ ਵੀ ਉਹਦਾ ਪਿੱਛਾ ਨਾ ਛਡਦਾ । ਛਿੰਦਰ ਕੋਲੋਂ ਉਠਣ ਮਗਰੋਂ ਇਹ ਭੂਤ ਹੋਰ ਵੀ ਤੇਜ਼ੀ ਨਾਲ ਉਹਦਾ ਪਿੱਛਾ ਕਰਦਾ ।

ਤੇ ਇਕ ਦਿਨ ਮੀਤੂ ਨੂੰ ਹੌਂਸਲਾ ਦੇਣ ਵਾਲਾ ਛਿੰਦਰ ਕਿਧਰੇ ਅਲੋਪ ਹੋ ਗਿਆ । ਪਹਿਲਾਂ ਵੀ ਕਦੇ ਕਦੇ ਉਹ ਘਰੋਂ ਚਲਿਆ ਜਾਂਦਾ ਸੀ ਤੇ ਦੋ ਚਾਰ ਦਿਨਾਂ ਮਗਰੋਂ ਮੁੜ ਆਉਂਦਾ ਸੀ । ਪਰ ਹੁਣ ਪੰਦਰਾਂ ਵੀਹ ਦਿਨ ਹੋ ਗਏ, ਉਹ ਨਹੀਂ ਸੀ ਮੁੜਿਆ ।

ਪਿੰਡ ਦੇ ਹਰੇਕ ਘਰ, ਸੱਥ ਵਿਚ ਤੇ ਖੇਤ-ਬੰਨੇ ਛਿੰਦਰ ਦੀ ਚਰਚਾ ਛਿੜ ਪਈ । ਕੋਈ ਕਹਿੰਦਾ, ਛਿੰਦਰ ਬੜੇ ਖਤਰਨਾਕ ਗਰੋਹ ਵਿਚ ਰਲ ਗਿਆ ਸੀ । ਕੋਈ ਕਹਿੰਦਾ ਪੇਟੇਆਣੇ ਖੁਰਦ ਦਾ ਜਿਹੜਾ ਪਟਵਾਰੀ ਕਤਲ ਹੋਇਆ ਸੀ, ਉਹਦੇ ਵਿਚ ਛਿੰਦਰ ਦਾ ਹੱਥ ਸੀ, ਤਾਂ ਹੀ ਲੁਕਿਆ ਫਿਰਦਾ ਸੀ । ਕੋਈ ਕੁਝ ਕਹਿੰਦਾ ਸੀ ਤੇ ਕੋਈ ਕੁਝ ।

ਇਹਨਾਂ ਗੱਲਾਂ ਦਾ ਜ਼ੋਰ ਹੋਰ ਵੀ ਵਧ ਗਿਆ, ਜਦੋਂ ਛਿੰਦਰ ਦੇ ਗਾਇਬ ਹੋਣ ਮਗਰੋਂ ਪੁਲਸ ਨੇ ਉਹਦੇ ਘਰ ਛਾਪਾ ਮਾਰਿਆ ਤੇ ਉਹਦੇ ਪਿਉ ਨੂੰ ਥਾਣੇ ਜਾ ਬਿਠਾਇਆ ।

ਸੱਥ ਵਿਚ ਬੈਠਾ ਗੁਰਦਿੱਤ ਸਿੰਘ ਲਸੰਸੀਆ ਸਾਰਿਆਂ ਨੂੰ ਦੱਸ ਰਿਹਾ ਸੀ, "ਭਾਈ ਇਹ ਮੁੰਡਾ ਤਾਂ ਬੜਾ ਜ਼ਹਿਰੀ ਹੋ ਗਿਆ ਸੀ । ਮੈਨੂੰ ਠਾਣੇਦਾਰ ਨੇ ਆਪ ਦੱਸਿਐ ਬੀ ਜੇ ਇਹ ਖੁੱਲ੍ਹਾ ਰਹਿ ਗਿਆ ਤਾਂ ਦੋ ਚਾਰ ਬੰਦੇ ਆਪਣੇ ਪਿੰਡ ਦੇ ਹੈ ਨੀ ਸਮਝੋ ।"

"ਹਲਾ ! ਕੌਣ ਕੌਣ ਭਲਾ ?" ਜਗਤੇ ਬਾਣੀਏ ਦਾ ਚਿਹਰਾ ਇਕ ਦਮ ਬੱਗਾ ਹੋ ਗਿਆ ਜਾਪਿਆ । ਭਾਵੇਂ ਇਕ ਵਾਰੀ ਸਭ ਨੂੰ ਆਪਣਾ ਪਾਲਾ ਮਾਰ ਗਿਆ ਸੀ, ਪਰ ਫੇਰ ਵੀ ਜਗਤੇ ਦੀ ਗੱਲ ਤੇ ਸਾਰੇ ਹੱਸ ਪਏ ।

ਗੁਰਦਿੱਤ ਸਿੰਘ ਨੇ ਖਚਰੀਆਂ ਅੱਖਾਂ ਨਾਲ ਜਗਤੇ ਵੱਲ ਵੇਖਿਆ, "ਮੈਨੂੰ ਭਲਾ ਉਹ ਲਿਸਟ ਫੜਾ ਗਿਐ ਬੀ ਮੈਂ ਗਿਣ ਕੇ ਦੱਸਾਂ ਕੌਣ ਕੌਣ ਐਂ ।"

"ਬਈ ਜਗਤੇ ਦਾ ਨਾਂ ਤਾਂ ਲਿਸਟ ਵਿਚ ਬਰ-ਜ਼ਰੂਰ ਹੋਊ; ਮੈਂ ਥੋਨੂੰ ਦੱਸ 'ਤੀ ਗੱਲ ।" ਮਿੱਤ ਸਿਹੁੰ ਨੰਬਰਦਾਰ ਨੇ ਜਗਤੇ ਨੂੰ ਛੇੜਿਆ ।

"ਹਾਹੋ ਕਿ, ਵਿਆਜ ਖਾਣਿਆਂ ਦਾ ਤਾਂ ਛਿੰਦਰ ਪੱਕਾ ਵੈਰੀ ਐ ।" ਪ੍ਰੇਮੇ ਖਾਂਘੜ ਨੇ ਜਗਤੇ ਦੀ ਹੋਰ ਫੂਕ ਸਰਕਾਈ ।

"ਲੈ ਫੇਰ ਆਪਾਂ ਤਾਂ ਬੀਹ ਕਿਸੇ ਨੂੰ ਤੰਗੀ ਨੀ ਦਿੰਦੇ ਹਾਂਗੇ ।" ਜਗਤੇ ਨੇ ਜਿਵੇਂ ਸਫ਼ਾਈ ਪੇਸ਼ ਕਰਕੇ ਆਪਣੇ ਆਪ ਨੂੰ ਹੌਂਸਲਾ ਦਿਤਾ ਤੇ ਹੱਟੀ ਮੂਹਰੇ ਖੜੀ ਕੁੜੀ ਨੂੰ ਸੌਦਾ ਦੇਣ ਦੇ ਬਹਾਨੇ ਉਠ ਕੇ ਤੁਰ ਗਿਆ ।

"ਵੇਖਾਂ, ਕਿਵੇਂ ਧੋਤੀ ਲਪੇਟੀ ਜਾਂਦੇ ਲਾਲਾ ! ਕਰਮੂ ਦੇਲੀ ਨੇ ਤੁਰੇ ਜਾਂਦੇ ਜਗਤੇ ਦੀ ਪਿੱਠ ਤੇ ਗੱਲ ਮਾਰੀ । ਸਾਰਿਆਂ ਦੀ ਹਾਸੜ ਨਾਲ ਸੱਥ ਵਿਚ ਪਏ ਧੂੰਏ ਵੀ ਹਿੱਲ ਗਏ ।


# NEW SPICELAND

4532 Main St. (29 Ave.)
Vancouver, B.C.

Phone:
874-6624

- All East Indian and Canadian groceries.
- Fresh vegetables from Fiji
- Records, tapes (8 track and cassettes), magazines

★

***Free Delivery!***

**STORE HOURS:**

**Monday-Friday — 10 a.m. to 9 p.m.**
**Saturday — 10 a.m. to 7 p.m.**
**Sunday — 11 a.m.-3 p.m.**



# FILM INFORMATION:

EVERGREEN FILMS
**255-0141 255-6729**

INDOVISION ENT.
**325-7369 738-3211**

JANKAR FILMS
**325-1917 266-7191**

"ਊਂ ਮੈਂ ਥੋਨੂੰ ਦੱਸਾਂ ਗੱਲ," ਗੁਰਦਿੱਤ ਸਿੰਘ ਨੇ ਸਾਰਿਆਂ ਦਾ ਧਿਆਨ ਖਿੱਚਿਆ, "ਬੀ ਮੁੰਡੇ ਦੋ ਚਾਰ ਹੋਰ ਵਲੇ ਜਾਣੇ ਐਂ ਆਪਣੇ ਪਿੰਡ ਦੇ।"

ਸੱਥ ਵਿਚ ਇਕ ਚੁੱਪ ਵਰਤ ਗਈ, ਜਿਵੇਂ ਸਾਰੇ ਆਪਣੀ ਆਪਣੀ ਥਾਂ ਸੋਚ ਰਹੇ ਹੋਣ ਕਿ ਹੋਰ ਕਿਹੜੇ ਕਿਹੜੇ ਮੁੰਡੇ ਫੜੇ ਜਾਣਗੇ।

ਮੀਤੂ ਵੀ ਆਪਣੀ ਥਾਂ ਏਸ ਸੋਚ ਤੋਂ ਮੁਕਤ ਨਹੀਂ ਸੀ। ਉਹਨੂੰ ਡਰ ਸੀ ਕਿ ਛਿੰਦਰ ਨਾਲ ਬਹਿਣ ਉਠਣ ਕਰਕੇ ਉਹਨੂੰ ਵੀ ਪੁਲੀਸ ਫੜ ਸਕਦੀ ਸੀ।

ਤੇ ਉਹਦਾ ਇਹ ਡਰ ਸੱਚਾ ਨਿਕਲਿਆ। ਛਿੰਦਰ ਦੇ ਘਰ ਛਾਪਾ ਪੈਣ ਤੋਂ ਤੀਜੇ ਦਿਨ ਤੜਕੇ ਮੀਤੂ ਤੇ ਇਕ ਹੋਰ ਮੁੰਡੇ ਜੰਟੇ ਨੂੰ ਪੁਲੀਸ ਫੜ ਕੇ ਲੈ ਗਈ।

ਪਿੰਡ ਦੀ ਪੰਚਾਇਤ ਅਤੇ ਹੋਰ ਸਿਆਣੇ ਤੇ ਚਲਦੇ ਪੁਰਜ਼ੇ ਕਿਸਮ ਦੇ ਬੰਦਿਆਂ ਨੇ ਛਿੰਦਰ ਦੇ ਪਿਉ ਨੂੰ ਛੁੜਾ ਲਿਆਉਣ ਲਈ ਭੱਜ ਨੱਠ ਸ਼ੁਰੂ ਕਰ ਦਿੱਤੀ ਸੀ। ਹੁਣ ਨਾਲ ਇਹਨਾਂ ਦੋਵਾਂ ਮੁੰਡਿਆਂ ਵਾਸਤੇ ਵੀ ਕੋਸ਼ਿਸ਼ ਸ਼ੁਰੂ ਹੋ ਗਈ।

ਮੀਤੂ ਦਾ ਪਿਉ ਆਪਣੀ ਥਾਂ ਫਿਕਰਮੰਦ ਸੀ ਕਿ — ਜੱਟ ਜੱਟ ਦਾ, ਭੋਲੂ ਨਰੈਣ ਦਾ—ਮੀਤੂ ਨੂੰ ਕੀਹਨੇ ਛੁਡਾਉਣੈ। ਉਹ ਆਪ ਹਿੱਲਣ ਜੋਗਾ ਨਹੀਂ ਸੀ। ਫੇਰ ਵੀ ਲੱਕ-ਟੁੱਟੇ ਕੁਤੇ ਵਾਂਗੂ ਸਰੀਰ ਨੂੰ ਘੜੀਸਦਾ ਉਹ ਜਗਤੇ ਦੀ ਹੱਟੀ ਪਹੁੰਚ ਗਿਆ।

"ਆ ਬਈ ਘੁੱਦਾ ਸਿਆਂ! ਕਿਮੇਂ ਜੀਅ ਕਰਿ ਆਇਆ ਅੱਜ ਏਧਰ ਆਉਣ ਨੂੰ।" ਜਗਤਾ ਇਕ ਦੋ ਗਾਹਕਾਂ ਨੂੰ ਭੁਗਤਾਉਣਾ ਭੁੱਲ ਕੇ ਮੀਤੂ ਦੇ ਪਿਉ ਨੂੰ ਮੁਖ਼ਾਤਿਬ ਹੋਇਆ।

"ਕਾਹਦਾ ਆਉਣ ਐ, ਲਾਲਾ ਜੀ। ਰੱਬ ਨੇ ਵਖਤਾਂ 'ਚ ਪਾ 'ਤੇ। ਆਪ ਸਰੀਰ ਵੰਨੀਉਂ ਰਹਿਗੇ। ਮੀਤੂ ਸਹੁਰਾ ਆਪਣੇ ਮੁੰਡਪੁਣੇ 'ਚ ਅੰਦਰ ਹੋ ਗਿਆ। ਚਹੁੰਆਂ ਪਾਸਿਆਂ ਤੋਂ ਕੜੱਕੀ 'ਚ ਫਸਗੇ।"

"ਕੀ ਹੋ ਗਿਆ ਫੇਰ! ਘਾਬਰਦਾ ਕਾਹਨੂੰ ਐਂ। ਅਸੀਂ ਕੋਈ ਬਲੈਤ ਤਾਂ ਨੀ ਤੁਰਗੇ। ਤੂੰ ਸੇਵਾ ਦੱਸ। ਆਪਾਂ ਖੜੇ ਪੈਰ ਹਾਜ਼ਰ ਐਂ।" ਜਗਤੇ ਨੇ ਬੜੀ ਅਪਣੱਤ ਨਾਲ ਕਿਹਾ ਤੇ ਸੌਦਾ ਤੋਲਣ ਲਗ ਪਿਆ। ਮੀਤੂ ਦਾ ਪਿਉ ਸੋਚਾਂ ਵਿਚ ਪੈ ਗਿਆ ਕਿ ਗੱਲ ਕਿਵੇਂ ਕਰੇ। ਉਂਜ ਉਹ ਹੈਰਾਨ ਸੀ ਕਿ ਜਗਤੇ ਦਾ ਰਵੱਈਆ ਅੱਜ ਬਦਲਿਆ ਹੋਇਆ ਕਿਵੇਂ ਐ।

ਵਿਹਲਾ ਹੋ ਕੇ ਜਗਤਾ ਮੀਤੂ ਦੇ ਪਿਉ ਵੱਲ ਹੋਇਆ, "ਦੱਸ ਫੇਰ ਕੋਈ ਸੇਵਾ ?"

"ਥੋਡੇ ਬਗੈਰ ਕੀਹਨੂੰ ਦੱਸਾਂਗੇ, ਲਾਲਾ ਜੀ। ਅੱਗੇ ਥੋਡੇ ਬੜੇ ਦੇਣਦਾਰ ਐਂ। ਮੀਤੂ ਨੂੰ ਛੁਡਾਉਣ ਦਾ ਕੋਈ ਅਹੁਰ-ਪਹੁਰ ਤਾਂ ਕਰਨਾ ਈ ਪਊ। ਤੇ ਤੂੰ ਸਿਆਣੈ ਬੀ ਪੈਸੇ ਤੋਂ ਬਗੈਰ...।"

"ਤੇ ਜਗਤਾ ਉਹਦੀ ਗੱਲ ਕੱਟ ਕੇ ਬੋਲਿਆ, "ਲੈ, ਏਨੇ ਖਾਤਰ ਈ ਜੱਕੋ-ਤੱਕੀ 'ਚ ਪਿਆ ਫਿਰਦੈਂ।" ਤੇ ਫੇਰ ਜਿਵੇਂ ਕੋਈ ਰਾਜ਼ ਦੀ ਗੱਲ ਕਰਨ ਲਗਿਆ ਹੋਵੇ, ਮੀਤੂ ਦੇ ਪਿਉ ਵੱਲ ਪੈਰਾਂ ਭਾਰ ਸਰਕਦਿਆਂ ਬੋਲਿਆ, "ਭਲਾ ਘੁੱਦਾ ਸਿਆਂ, ਤੇਰਾ ਵਿਹਾਰ ਕੋਈ ਆਪਾਂ ਤੋਂ ਭੁਲਿਐ। ਖਰੇ ਬੰਦੇ ਨਾਲ ਵਿਹਾਰ ਪਾ ਕੇ ਤਾਂ ਆਪਣਾ ਵੀ ਚਿੱਤ ਖੁਸ਼ ਹੁੰਦੈ, ਘੁੱਦਾ ਸਿਆਂ। ਨਾਲੇ ਦੁਖ ਸੁਖ ਵੇਲੇ ਜੇ ਬੰਦਾ ਬੰਦੇ ਦੇ ਕੰਮ ਨਾ ਆਵੇ ਤਾਂ ਹੋਰ ਕਦ ਆਊ। ਬੋਲ, ਗੱਲ ਕਰ, ਹੈਂ!"

ਪਰ ਮੀਤੂ ਦੇ ਪਿਉ ਨੂੰ ਬਹੁਤੀ ਗੱਲ ਕਰਨ ਦੀ ਲੋੜ ਨਹੀਂ ਪਈ। ਜਗਤੇ ਨੇ ਡੇਢ ਸੌ ਗਿਣ ਦਿੱਤਾ। ਤੇ ਉਹ ਡੇਢ ਸੌ ਅੱਠਾਂ ਦਿਨਾਂ ਵਿਚ ਕਿਰਾਇਆਂ ਭਾੜਿਆਂ ਤੇ ਹੋਰ ਖਰਚੇ ਪਾਣੀ ਵਿਚ ਖੁਰ ਗਿਆ।

ਅੱਠ ਦਿਨ ਮਗਰੋਂ ਮੀਤੂ ਬਾਹਰ ਆ ਗਿਆ। ਬਾਹਰ ਨਾ ਆਉਣ ਦੇਣ ਜੋਗੀ ਗੱਲ ਵੀ ਕਿਹੜੀ ਸੀ।

ਦੋ ਤਿੰਨ ਦਿਨ ਤਾਂ ਉਹ ਨਮੋਸ਼ੀ ਦਾ ਮਾਰਿਆ ਘਰੋਂ ਬਾਹਰ ਹੀ ਨਹੀਂ ਨਿਕਲਿਆ। ਕੰਮ ਧੰਦੇ ਨੂੰ ਹੁਣ ਉਹਦਾ ਜੀਅ ਨਹੀਂ ਸੀ ਕਰ ਰਿਹਾ। ਅੱਠ ਦਿਨ ਥਾਣੇ ਵਿਚ ਗੁਜ਼ਾਰ ਕੇ ਜਿਵੇਂ ਉਹਦਾ ਮੱਚ ਮਰ ਗਿਆ ਸੀ, ਹੱਡ ਹੱਡ ਦੁਖ ਰਿਹਾ ਸੀ। ਪਰ ਉਹਨੇ ਸੋਚਿਆ, 'ਅੰਦਰ ਵੜਿਆਂ ਕਿੰਨਾਂ ਚਿਰ ਗੁਜ਼ਾਰਾ ਹੋਊ।' ਆਖ਼ਰ ਉਹਨੂੰ ਦਿਹਾੜੀ-ਦੱਪੇ ਲਈ ਨਿਕਲਣਾ ਪਿਆ।

ਭਾਵੇਂ ਪਿਉ ਨੇ ਮੀਤੂ ਨੂੰ ਦੱਸ ਦਿੱਤਾ ਸੀ ਕਿ ਜਗਤੇ ਬਾਣੀਏ ਦੀ ਮਿਹਰਬਾਨੀ ਨਾਲ ਉਹਨੂੰ ਛੁਡਾਉਣ ਦਾ ਜੁਗਾੜ ਬਣਿਆ ਸੀ, ਫੇਰ ਵੀ ਜਗਤਾ ਉਹਦੇ ਲਈ ਹਊਆ ਬਣਿਆ ਹੋਇਆ ਸੀ। ਉਹ ਜਗਤੇ ਦੀ ਹੱਟੀ ਅੱਗੋਂ ਦੀ ਲੰਘਣੋਂ ਡਰਦਾ ਸੀ। ਉਹ ਸੋਚਦਾ ਸੀ — ਜੇ ਉਹ ਸਾਹਮਣੇ ਟੱਕਰ ਗਿਆ ਤਾਂ ਜਗਤਾ ਜ਼ਰੂਰ ਗਲ

## ਸੁਖਿੰਦਰ

### ਸ਼ਹਿਰ ਅਜਨਬੀ ਹੈ :

ਸ਼ਹਿਰ ਅਜਨਬੀ ਹੈ

ਪੈਰਸ ਜਾਂ ਮਾਸਕੋ
ਕਰੈਮਲਿਨ ਜਾਂ ਵਾਈਟ ਹਾਊਸ
ਦੋ ਫੁੱਟੀ ਜਾਂ ਨੌਂ ਫੁੱਟੀ
ਮੰਦਿਰ
ਜਾਂ ਚੁਰੱਸਤੇ 'ਚ ਜੜੀ
ਅਗਰਬਤੀ ਦਾ ਇਤਿਹਾਸ ਅਪਣਾ ਹੈ

ਛਨਣ ਛਨਣ
ਤਾਜ ਰੂਪੀ
ਹਾਸਿਆਂ ਦੀ ਛਣਕਾਰ
ਅਸੀਮ ਕਮਰੇ
ਖ਼ਲੌਂ ਵਿਚ ਲਟਕਦਾ ਖੰਜਰ
ਖ਼ੂਨ ਦੀ ਤਤੀਰੀ
ਸਿਰ ਤੋਂ ਪੈਰਾਂ ਤੀਕ
ਕਮਰਿਆਂ 'ਚ ਲਟਕਦੇ
—ਟੁੱਟੇ ਫਰੇਮ
—ਅਰਧ ਨੰਗੀਆਂ ਤਸਵੀਰਾਂ
ਦੇਵੀ ਦੇਵਤਿਆਂ ਦੇ ਚਿਤਰ
ਜੋ ਇਕੋ ਹੀ ਵੇਲੇ ਦੋ ਰੂਪ ਧਾਰੀ ਹੋਣ
ਸ਼ੇਰ ਵੀ ਤੇ ਬੱਕਰੀ ਵੀ
ਔਰਤ ਵੀ ਤੇ ਮਰਦ ਵੀ
ਤਲਵਾਰ ਵੀ ਤੇ ਢਾਲ ਵੀ
ਤੇ ਇਨ੍ਹਾਂ ਦੇ ਸਾਹਵੇਂ ਲਟਕਦਾ
ਈਸਾ ਦਾ ਚਿਤ੍ਰ
ਸਾਬੁਤ ਸਾਲਮ—ਸੂਲੀ ਤੇ ਲਟਕਦਾ

ਤੇ ਇਕ ਕਮਰੇ 'ਚ ਹੈ
ਜਿਸਮਾਂ ਦੀ ਨੁਮਾਇਸ਼
ਇਕ ਵਿਚ ਤੂਫ਼ਾਨ

ਇਕ ਵਿਚ ਜਵਾਰ ਭਾਟਾ
ਇਕ ਵਿਚ ਜਵਾਲਾ ਮੁਖੀ
ਇਕ ਵਿਚ ਜ਼ਹਿਰੀਲੇ ਸੱਪ
ਇਕ ਵਿਚ ਦੂਰ ਦਰਸ਼ੀ ਯੰਤਰ
ਇਕ ਵਿਚ ਸਤੇ ਰੰਗ
ਇਕ ਵਿਚ ਭੇਡਾਂ, ਡੱਡੂਆਂ, ਬੱਕਰੀਆਂ
ਗਧਿਆਂ ਦੇ ਚਿਤਰ
ਤੇ ਇਸ ਸਭ ਦੁਆਲੇ
ਉਸ ਦੇ ਅੰਦਰ ਵਸਦੇ ਲਛਮਣ ਨੇ ਵਾਹ ਦਿੱਤਾ ਹੈ
ਇਕ ਦਾਇਰਾ

ਤੇ ਉਹ ਜਾਣਦਾ ਹੈ
ਆਪਣੇ ਵਾਹੇ ਦਾਇਰੇ ਵਿਚ ਜੀਣਾ ਹੈ
ਤੇ ਤਾਂ ਹੀ ਘੁਗ ਵਸਦਾ ਸ਼ਹਿਰ ਵੀ
ਉਸ ਲਈ ਅਜਨਬੀ ਹੈ

—ਤੇ ਜਦ ਵੀ
ਸੱਪ ਉਸ ਨੂੰ ਡੰਗਦਾ ਹੈ
ਜਵਾਲਾ ਮੁਖੀ ਫੁਟਦਾ ਹੈ
ਜਵਾਰ ਭਾਟਾ ਦਾ ਸ਼ੋਰ ਉਠਦਾ ਹੈ
ਤੂਫਾਨ ਕਾੜ ਕਾੜ ਕਰਦਾ ਹੈ
ਭੇਡਾਂ, ਡੱਡੂਆਂ ਤੇ ਬੱਕਰੀਆਂ ਦੀਆਂ ਆਵਾਜ਼ਾਂ
ਉਸਦੇ ਕੰਨਾਂ ਵਿਚ ਘੁਰ ਘੁਰ ਕਰਦੀਆਂ ਹਨ
ਤੇ ਉਹ ਦਾਇਰੇ ਤੋਂ ਪਾਰ ਪੈਰ ਰੱਖਣ ਦੀ ਸੋਚਦਾ ਹੈ
ਉਦਾਸ ਖਿੜਕੀਆਂ 'ਚ ਜਦ
ਕਿਸੇ ਝੀਲ ਦਾ ਅਕਸ ਜਾਗਦਾ ਹੈ
ਤਾਂ ਉਸ ਨੂੰ ਆਪਣੇ ਦੂਰਦਰਸ਼ੀ ਯੰਤਰ ਵਿਚ
ਅਪਣਾ ਚਿਹਰਾ ਲਹੂ ਲੁਹਾਨ ਦਿਸਦਾ ਹੈ
ਤੇ ਉਹ ਉਸੇ ਹੀ ਪਲ ਮੂਰਛਤ ਹੋ ਜਾਂਦਾ ਹੈ
ਲੋਕ ਗਿਣਤੀ ਕਰਨ ਲਗਦੇ ਹਨ
ਪਰ ਉਹ ਕਿਸੇ ਹਨੂਮਾਨ ਦੀ ਸੰਜੀਵਨੀ ਤੋਂ ਬਿਨਾ ਹੀ
ਮੁੜ ਉੱਠ ਬੈਠਦਾ ਹੈ
ਤੇ ਸ਼ਹਿਰ ਦੇ ਲੋਕ
ਉਦਾਸ ਚਿਹਰਿਆਂ ਨਾਲ ਤਾੜੀਆਂ ਮਾਰਦੇ ਹਨ
ਤੇ ਹੌਲੀ ਹੌਲੀ
ਪਤਝੜ ਜੇਹੀ ਖੁਸ਼ੀ
ਮੁੜ ਪਰਤ ਆਉਂਦੀ ਹੈ।

'ਚ ਸਾਂਝਾ ਪਾ ਲਵੇਗਾ ਤੇ ਆਖੇਗਾ, "ਉਏ ਮੀਤੂ। ਕੰਜਰਦਿਆ ਪੈਸੇ...।" ਤੇ ਇਹ ਸੋਚ ਕੇ ਮੀਤੂ ਨੂੰ ਕਾਂਬਾ ਛਿੜ ਜਾਂਦਾ। ਉਹ ਮਨ ਵਿਚ ਹਿਸਾਬ ਲਾਉਂਦਾ — ਤਿੰਨ ਸੌ ਪਹਿਲਾ ਤੇ ਡੂਢ ਸੌ ਹੁਣ ਵਾਲਾ, ਉਤੇ ਵਿਆਜ...। ਤੇ ਉਹ ਜਗਤੇ ਦੀ ਨਜ਼ਰ ਤੋਂ ਬਚ ਬਚ ਕੇ ਲੰਘਦਾ। ਨਾਲ ਹੀ ਉਹ ਸੋਚਦਾ — ਇਹ ਲੁਕਣ-ਮੀਟੀ ਕਿੰਨਾ ਕੁ ਚਿਰ ਖੇਡੀ ਜਾ ਸਕਦੀ ਹੈ; ਬਕਰੇ ਦੀ ਮਾਂ ਕਦੋਂ ਤੱਕ ਖ਼ੈਰ ਮਨਾ ਸਕਦੀ ਹੈ।

ਇਕ ਦਿਨ ਮੀਤੂ ਨੂੰ ਮਿੱਤ ਸਿਹੁੰ ਨੰਬਰਦਾਰ ਦੇ ਘਰ ਦਾਣੇ ਦੀ ਬੋਰੀ ਸੁੱਟਣ ਜਾਣਾ ਪੈ ਗਿਆ। ਨੰਬਰਦਾਰ ਦਾ ਘਰ ਜਗਤੇ ਦੀ ਹੱਟੀ ਦੇ ਬਿਲਕੁਲ ਸਾਹਮਣੇ ਸੱਥ ਵਿਚ ਸੀ। ਜਗਤੇ ਦੀ ਅੱਖ ਬਚਾ ਕੇ ਉਹ ਨੰਬਰਦਾਰ ਦੇ ਘਰ ਵੜ ਤਾਂ ਗਿਆ ਪਰ ਬਾਹਰ ਆਉਂਦੇ ਦੀ ਹਿੱਕ ਵਿਚ ਜਗਤੇ ਦੇ ਬੋਲ ਆ ਵੱਜੇ :

"ਆਪਣੇ, ਗੁਰਮੀਤ ਸਿਆਂ ? ਕੀ ਗੱਲ, ਚੋਰਾਂ ਆਂਗੂ ਟਿੱਭ ਚੱਲਿਐਂ ਕੋਲ ਕੋਲ ਦੀ।"

ਮੀਤੂ ਦਾ ਜਿਵੇਂ ਸਾਹ ਸੂਤਿਆ ਗਿਆ। ਇਕ ਪਲ ਉਹਨੇ ਕੰਨੱਖੀਂ ਏਧਰ-ਉਧਰ ਵੇਖਿਆ, ਜਿਵੇਂ ਲੁਕਣ ਲਈ ਕੋਈ ਖੁੱਡ ਲੱਭ ਰਿਹਾ ਹੋਵੇ। ਤੇ ਫੇਰ ਲੁਕਣ ਦੀ ਇਸ ਕੋਸ਼ਸ਼ ਵਿਚ ਉਹਨੇ ਆਪਣੀਆਂ ਨਜ਼ਰਾਂ ਸਾਹਮਣੇ ਕਿਸੇ ਘਰ ਦੀ ਛੱਤ ਉਤੇ ਟਿਕਾ ਦਿੱਤੀਆਂ। ਐਨ ਉਸੇ ਵੇਲੇ ਉਸ ਛੱਤ ਉਤੇ ਇਕ ਇੱਲ ਨੇ ਝੱਪਟਾ ਮਾਰਿਆ ਤੇ ਆਪਣੇ ਪੰਜਿਆਂ ਵਿਚ ਕੁਝ ਅੜੁੰਗ ਕੇ ਉਤਾਂਹ ਚੜ੍ਹ ਗਈ। ਮੀਤੂ ਨੂੰ ਜਾਪਿਆ ਜਿਵੇਂ ਉਹ ਆਪ ਵੀ ਕਿਸੇ ਚੂਹੇ ਵਾਂਗ ਇੱਲ ਦੇ ਪੰਜਿਆਂ ਵਿਚ ਫਸਿਆ ਖਲੋਤਾ ਹੋਵੇ। ਪਰ ਜ਼ਰਾ ਕੁ ਸੰਭਲਣ 'ਤੇ ਉਹਨੂੰ ਖਿਆਲ ਆਇਆ ਕਿ ਜਗਤੇ ਨੇ ਉਹਨੂੰ 'ਓਏ ਮੀਤੂ ਕੰਜਰਦਿਆ' ਦੀ ਥਾਂ 'ਗੁਰਮੀਤ ਸਿਆਂ' ਕਹਿ ਕੇ ਆਵਾਜ਼ ਮਾਰੀ ਹੈ ਤਾਂ ਉਹਨੂੰ ਕੁਝ ਹੈਰਾਨੀ ਮਿਲਿਆ ਹੌਸਲਾ ਹੋਇਆ। ਕੁਝ ਦਲੇਰੀ ਹੋਰ ਇਕੱਠੀ ਕਰਕੇ ਉਹ ਜਗਤੇ ਦੀ ਹੱਟੀ ਜਾ ਵੜ੍ਹਿਆ ਤੇ 'ਰਾਮ ਰਾਮ' ਜਾ ਕੀਤੀ।

"ਸੁਣਾ ਫੇਰ ਕੀ ਹਾਲ ਚਾਲ ਐਂ ?" ਜਗਤੇ ਨੇ ਪੁੱਛਿਆ।

"ਵਾਹਵਾ ਐ ਜੀ !" ਮੀਤੂ ਮਰੀ ਜਿਹੀ ਸੁਰ ਵਿਚ ਬੋਲਿਆ। ਉਹ ਸੋਚਣ ਲਗਾ, 'ਕਿਧਰੇ ਜਗਤੇ ਦਾ ਰਵੱਈਆ ਉਸ ਕਸਾਈ ਵਾਲਾ ਤਾਂ ਨਹੀਂ, ਜਿਹੜਾ ਬੱਕਰੇ ਨੂੰ ਝਟਕਾਉਣ ਤੋਂ ਪਹਿਲਾਂ ਉਹਨੂੰ ਖੁਆਉਂਦਾ, ਪਿਆਉਂਦਾ ਤੇ ਪਲੋਸਦਾ ਹੈ।' ਉਹਦਾ ਹੌਸਲਾ ਫੇਰ ਜਵਾਬ ਦੇਣ ਲੱਗਾ।

"ਬਹਿ ਜਾ ਭੋਿੜਿਆ। ਕੋਈ ਚਾਹ ਪਾਣੀ ਦੀ ਦੱਸ ਗੱਲ। ਤੇਰੇ ਬਾਪੂ ਦਾ ਕੀ ਹਾਲ ਚਾਲ ਐ ?" ਤੇ ਜਗਤਾ ਆਪਣੀ ਹੱਟੀ ਦੇ ਬੂਹੇ ਤੋਂ ਹਟਵੇਂ ਪਏ ਇਕ ਖੁੰਢ 'ਤੇ ਬਹਿ ਗਿਆ।

"ਬਸ, ਓਵੇਂ ਈ ਐ ਜੀ ! ਕੰਮ ਧੰਦਾ ਤਾਂ ਉਹਤੋਂ ਹੁੰਦਾ ਨੀ। ਮੇਰੇ 'ਤੇ ਈ ਐ ਸਾਰਾ ਭਾਰ।" ਮੀਤੂ ਨੂੰ ਜਾਪਿਆ ਜਿਵੇਂ ਇਹ ਗੱਲ ਕਹਿ ਕੇ ਉਹਨੇ ਜਗਤੇ ਦੇ ਮਨ ਵਿਚ ਤਰਸ ਦੀ ਭਾਵਨਾ ਪੈਦਾ ਕਰਨ ਦੀ ਕੋਸ਼ਸ਼ ਕੀਤੀ ਹੋਵੇ।

"ਕੋਈ ਨੀ, ਕੋਈ ਨੀ", ਜਗਤਾ ਕਹਿ ਰਿਹਾ ਸੀ, "ਤੈਥੋਂ ਬਗੈਰ ਉਹਦਾ ਕੌਣ ਸਹਾਰੈ। ਬੜਾ ਗਊ-ਪੁਰਸ਼ ਐ। ਸੇਵਾ ਕਰਿਆ ਕਰ ਉਹਦੀ, ਦੱਬ ਕੇ।"

"ਜਿੰਨੀ ਕੁ ਹੱਥ ਵੱਸ ਐ, ਕਰੀ ਜਾਨੇ ਐਂ ਜੀ।" ਗੱਲਾਂ ਕਰਦਿਆਂ ਮੀਤੂ ਅੰਦਰੋ ਅੰਦਰ ਹੈਰਾਨ ਹੋ ਰਿਹਾ ਸੀ ਕਿ ਹੁਣ ਤੱਕ ਜਗਤੇ ਨੇ ਪੈਸਿਆਂ ਦੀ ਗੱਲ ਕਿਉਂ ਨਹੀਂ ਸੀ ਛੇੜੀ। ਪਰ ਕਾਫ਼ੀ ਦੇਰ ਤੱਕ ਇਹ ਸਵਾਲ ਨਾ ਉਠਦਾ ਵੇਖ ਕੇ, ਉਹਨੇ ਆਪ ਹੀ ਗੱਲ ਕਰ ਦਿੱਤੀ :

"ਥੋਡੇ ਪੈਸੇ ਐ ਜੀ ਸਾਡੇ ਵੱਲੀ। ਚਾਰ ਦਿਹਾੜੀਆਂ ਚੰਗੀਆਂ ਲੱਗ ਲੈਣ ਤਾਂ ਥੋੜੇ ਬਹੁਤੇ ਨਬੇੜਾਂਗੇ।" ਆਪਣੀ ਗੱਲ ਦਾ ਅਸਰ ਦੇਖਣ ਲਈ ਉਹਨੇ ਜਗਤੇ ਦੇ ਮੂੰਹ ਵੱਲ ਦੇਖਿਆ।

"ਲੈ, ਪੈਸਿਆਂ ਦਾ ਝੋਰਾ ਨਾ ਲਾ ਤੂੰ। ਆ ਜਾਣਗੇ। ਪੈਸੇ ਸਹੁਰੇ ਭੱਜੇ ਜਾਂਦੇ ਐ ਕਿਧਰੇ ਕਿ ਤੂੰ ਭੱਜ ਜਾਣੈ। ਬੁੜ੍ਹੇ ਦੀ ਸੇਵਾ ਕਰ। ਹੋਰ ਲੋੜ ਹੋਵੇ ਤਾਂ ਦੱਸੀਂ।......ਹੈਂ ?"

"ਕੋਈ ਨੀ ਜੀ। ਮੇਹਰਬਾਨੀ ਥੋਡੀ।"

ਇਹਤੋਂ ਬਾਦ ਕੋਈ ਬਹੁਤੀ ਗੱਲ ਨਹੀਂ ਹੋਈ। ਜਗਤੇ ਤੋਂ ਵਿਦਾ ਹੋ ਕੇ ਮੀਤੂ ਸੋਚ ਰਿਹਾ ਸੀ, 'ਪੈਸੇ ਤਾਂ ਦੇਣੇ ਈ ਐਂ, ਦੇ ਦਿਆਂਗੇ......ਇਹ ਜਾਤ ਛੱਡਣ ਵਾਲੀ ਵੀ ਨੀ...ਪਰ ਲਾਲਾ ਢੇਲਾ ਕਿਵੇਂ ਹੋਇਆ ਫਿਰਦੈ......?"

## Buying, selling, or trading

- Homes new or old
- Commercial properties or sites
- Apartment blocks
- Farms, land, home, acreage or any other real estate need.

**For free consultation and professional real estate service.**

**Please contact without any obligation.**



ਅਜਾਇਬ ਜੰਡਾ

**AJAIB S JANDA**

**SERVING YOU SINCE 1971**

**Top salesman in Cambie office and member of the Diamond Club.**

**of**

**OFF. 321-6881**
**RES. 434-4860**
**434-2393**

BB **BLOCK BROS. REALTY LTD.**
**5842 CAMBIE, VANCOUVER**

# MALKIAT SINGH ATHWAL



SPECIALIZING IN LOW-COST TERM INSURANCE FOR MORTGAGES & LIFE INSURANCE. ALSO RETIREMENT SAVINGS PLANS WITH HIGH RATE OF RETURN. CHECK OUR RATES BEFORE OBLIGATING YOURSELF — FINANCIAL PLANNING FOR FUTURE — AND INCOME TAX INFORMATION.

**OFFICE: 521-3778 RES.: 980-9630**

ਆਪਣੀ ਬਹੁਮੁਲੀ ਕਮਾਈ ਦੀ ਜੀਵਨ-ਬੀਮੇ ਰਾਹੀਂ ਵੱਧ ਤੋ ਵੱਧ ਪ੍ਰੋਟੈਕਸ਼ਨ ਲੈਣ ਲਈ, ਪੈਸੇ ਦੀ ਠੀਕ ਪਲੈਨਿੰਗ ਲਈ, ਟੈਕਸ-ਬੱਚਤ ਲਈ ਅਤੇ ਭਵਿੱਖ ਦੀ ਆਮਦਨ ਲਈ

ਮਲਕੀਤ ਸਿੰਘ ਅਠਵਾਲ

ਨੂੰ ਸੇਵਾ ਦਾ ਮੌਕਾ ਦਿਓ।



# ਬਲਬੀਰ ਸਿੰਘ ਭੰਗੂ

ਗੁਰਚਰਨ ਰਾਮਪੁਰੀ

ਪੰਜ ਕੁ ਸਾਲ ਦਾ ਬਾਲ 'ਬਾਲ੍ਹੋ ਮਾਹੀਏ' ਦੇ ਟੱਪੇ ਗਾ ਰਿਹਾ ਸੀ। ਅੰਨ੍ਹਾ ਭਰਾਈ ਨਿਜ਼ਾਮਦੀਨ ਸਰੰਗੀ ਵਜਾਉ ਦਾ ਝੂਮ ਰਿਹਾ ਸੀ। ਗੁਆਂਢ ਦੀਆਂ ਕੁਝ ਸੁਆਣੀਆਂ, ਸਾਹਮਣੇ ਕੋਠੇ ਦੇ ਬਨੇਰੇ ਉੱਤੇ ਬੈਠੀਆਂ ਸੁਣਦੀਆਂ ਰਹੀਆਂ :–

'ਗੱਡੀ ਚਲੀ ਏ ਤਾਰਾਂ ਤੇ
ਅਗੇ ਮਾਹੀਆ ਨਿੱਤ ਮਿਲਦਾ,
ਹੁਣ ਮਿਲਦਾ ਕਰਾਰਾਂ ਤੇ।'

ਇਕ ਗੁਆਂਢਣ ਮਲਕੜੇ ਉੱਠੀ। ਛੇਤੀ ਛੇਤੀ ਬਲਬੀਰ ਦੀ ਮਾਂ ਕੋਲ ਪੁੱਜੀ ਤੇ ਉਸ ਨੂੰ ਕਹਿਣ ਲੱਗੀ, "ਨੀ ਬੇਬੇ ਜੀ! ਮੇਰੇ ਨਾਲ ਤੁਰ। ਦੇਖ ਤੇਰਾ ਪੁੱਤ ਕਿੰਨਾ ਸੋਹਣਾ ਗਾਉਂਦਾ ਹੈ!" ਬਲਬੀਰ ਦੀ ਮਾਂ ਕੋਠਿਓਂ ਕੋਠੇ ਆ ਕੇ ਉਨ੍ਹਾਂ ਸੁਆਣੀਆਂ ਵਿਚ ਬੈਠ ਗਈ। ਉਹ ਮਾਣ ਨਾਲ ਭਰੀ ਮੁਸਕਰਾ ਰਹੀ ਸੀ। ਉਸ ਨੇ ਆਪਣੇ ਪਤੀ ਨੂੰ ਦਸਿਆ, ਪਰ ਉਹ ਕੁਝ ਨਾ ਬੋਲਿਆ। ਮਾਂ ਹੈਰਾਨ ਜਹੀ ਹੋ ਕੇ ਚੁਪ ਕਰ ਗਈ ਜਿਵੇਂ ਉਸ ਨੂੰ ਆਪਣੇ ਪਤੀ ਦੀ ਚੁੱਪ ਦਾ ਕਾਰਨ ਸਮਝ ਨਾ ਪਿਆ ਹੋਵੇ। ਅਜੇ ਤਕ ਉਸ ਦੇ ਕੰਨਾਂ ਵਿਚ ਆਪਣੇ ਪੁੱਤ ਦੀ ਸੁਰੀਲੀ ਹੇਕ ਗੂੰਜ ਰਹੀ ਸੀ।

ਇਹ ਗੱਲ ਪਿੰਡ ਬਡਲੇ ਕੋਟਲੇ ਦੀ ਹੈ ਜਿਥੇ ਇਸ ਭੰਗੂ ਖ਼ਾਨਦਾਨ ਦੇ ਵਡੇਰੇ ਅਠਾਰ੍ਹਵੀਂ ਸਦੀ ਵਿਚ ਜ਼ਿਲ੍ਹਾ ਅੰਮ੍ਰਿਤਸਰ ਵਿਚੋਂ ਉਠ ਕੇ ਆ ਵਸੇ ਸਨ, ਜਦੋਂ ਬਾਬਾ ਮਤਾਬ ਸਿੰਘ ਭੰਗੂ ਨੇ ਹਰਿਮੰਦਰ ਸਾਹਿਬ ਦੀ ਬੇਅਦਬੀ ਕਰਨ ਵਾਲੇ ਮੱਸੇ ਰੰਗੜ ਦਾ ਸਿਰ ਵੱਢ ਦਿਤਾ ਸੀ। ਸਮੇ ਦੀ ਹਕੂਮਤ ਨੇ ਬਾਬਾ ਮਤਾਬ ਸਿੰਘ ਨੂੰ ਚਰਖੜੀ ਚਾੜ੍ਹ ਕੇ ਸ਼ਹੀਦ ਕਰ ਦਿਤਾ ਤੇ ਉਸ ਦੇ ਟੱਬਰ ਦੀ ਜਾਇਦਾਦ ਜ਼ਬਤ ਕਰ ਲਈ। ਇਹ ਸੰਗੀਤ ਦਾ ਰਸੀਆ ਹੋਣਹਾਰ ਬਾਲ ਇਸੇ ਬੰਸ ਵਿਚੋਂ ਸੀ।

ਬਲਬੀਰ ਨੂੰ ਉਸ ਦੇ ਪਿੰਡ ਦੇ ਨੇੜੇ ਭੜੀ ਦੇ ਲੋਇਰ ਮਿਡਲ ਸਕੂਲ ਵਿਚ ਦਾਖ਼ਲ ਕਰਾ ਦਿਤਾ ਗਿਆ। ਛੇ ਜਮਾਤਾਂ ਪਾਸ ਕਰ ਕੇ ਉਹ ਪਹਿਲਾਂ ਨਾਰੰਗਵਾਲ, ਫਿਰ ਖੰਨੇ ਪੜ੍ਹਨ ਲੱਗ ਗਿਆ, ਆਪਣੇ ਪਿੰਡ ਤੋਂ ਛੇ ਮੀਲ ਦੂਰ। ਗਰਮੀ ਦੀ ਰੁੱਤੇ ਉਸ ਦੇ ਸਾਥੀ ਵਿਦਿਆਰਥੀ ਦੁਪਹਿਰਾਂ ਸ਼ਹਿਰ ਵਿਚ ਕੱਟ ਕੇ ਠੰਡੇ ਹੋਏ ਪਿੰਡ ਨੂੰ ਆਉਂਦੇ ਪਰ ਬਲਬੀਰ ਕੜਕਦੀ ਧੁੱਪੇ ਹੀ ਘਰ ਮੁੜ ਆਉਂਦਾ। ਕੁਝ ਖਾ ਪੀ ਕੇ ਉਹ ਸਿੱਧਾ ਨਿਜ਼ਾਮਦੀਨ ਦੇ ਘਰ ਪਹੁੰਚਦਾ ਅਤੇ ਗਾਉਣ ਲਗ ਜਾਂਦਾ। ਘਰ ਵਾਲੇ ਉਸ ਨੂੰ ਡਾਂਟਦੇ, "ਤੂੰ ਹੁੱਕੇ ਰੁਘਣਿਆਂ ਦੇ ਜਾਨਾ ਏਂ; ਪਖਿਮਟਿਆਂ ਹਥਿਆਂ ਨਾਲ ਛਹਿਨੈਂ, ਚੌਂਕੇ ਨਾ ਚੜ੍ਹੀਂ।" ਕਿੰਨੇ ਕਿੰਨੇ ਦਿਨ ਉਸ ਨੇ ਟਸੱਟੀ ਵਿਚ ਨਾ ਜਾ ਸਕਣਾ। ਪਿਉ ਨੂੰ ਪੁੱਤਰ ਦੇ ਸੌਕ ਨਾਲੋਂ ਆਪਣੀ ਜਾਗੀਰਦਾਰੀ ਪਤ ਦੀ ਬਹੁਤੀ ਚਿੰਤਾ ਸੀ; ਉਸ ਨੇ ਬਲਵੀਰ ਨੂੰ ਨਿਜ਼ਾਮਦੀਨ ਦੇ ਘਰ ਜਾਣੋ ਹਟਕਿਆ। ਪਰ ਰੋਕਾਂ ਸ਼ੌਕ ਦਾ ਰਾਹ ਕਦੋਂ ਤਕ ਰੋਕ ਸਕਦੀਆਂ ਹਨ?

ਇਕ ਦਿਨ ਸਰਦਾਰ ਨਜ਼ਾਮਦੀਨ ਦੇ ਘਰ ਅਪੜਿਆ ਅਤੇ ਬੋਲਿਆ, "ਓ ਭਾਈ ਜਾਮੂ! ਤੇਰੇ ਨਾਲ ਗੱਲ ਕਰਨੀ ਐਂ!"

ਸੰਗੀਤਕਾਰ ਨੇ ਆਵਾਜ਼ ਪਛਾਣ ਕੇ ਕਿਹਾ, "ਆਓ ਜੀ! ਧੰਨ ਭਾਗ ਸਰਦਾਰ ਜੀ! ਤੁਸੀਂ ਗ਼ਰੀਬ ਦੇ ਘਰ ਆਏ। ਤੁਹਾਡੀਆਂ ਸੱਤੇ ਖ਼ੈਰਾਂ। ਮੈਂ ਵੀ ਤੁਹਾਡੇ ਨਾਲ ਗੱਲ ਕਰਨੀ ਐਂ। ਤੁਹਾਡੇ ਕਾਕੇ ਦੀ ਆਵਾਜ਼ ਬਹੁਤ ਸੋਹਣੀ ਹੈ। ਗਲਾ ਬੜਾ ਸੁਰ ਹੈ। ਉਸ ਨੂੰ ਇਕ ਨਿੱਕਾ ਜਿਹਾ ਵਾਜਾ ਲੈ ਦਿਓ। ਮੈਨੂੰ ਤਾਂ ਇਉਂ ਲਗਦੈ ਜਿਵੇਂ ਉਸ ਉਤੇ ਕਿਸੇ ਰਾਗ ਰਾਗਣੀ ਦਾ ਪਹਿਰੈ।"

ਸਰਦਾਰ ਦਾ ਗੁੱਸਾ ਭੜਕ ਪਿਆ "ਓਏ ਜਾਮੂ! ਮੈਂ ਤਾਂ ਤੈਨੂੰ ਇਹ ਕਹਿਣ ਆਇਆਂ ਕਿ ਆਪ ਤਾਂ ਤੁਸੀਂ ਮੰਗਦੇ ਖਾਂਦੇ ਹੋ। ਭਲੇ ਘਰਾਂ ਦੇ ਮੁੰਡੇ ਕਾਹਨੂੰ ਵਿਗਾੜਦੇ ਹੋ? ਓਏ! ਗਾਉਣਾ ਕੋਈ ਸਾਡਾ ਕੰਮ ਹੈ। ਖ਼ਬਰਦਾਰ ਜੇ ਉਸ ਨੂੰ ਏਥੇ ਆਣ ਦਿਤਾ। ਦੇਖ! ਮੈਂ ਉਸ ਨੂੰ ਤੇਰੇ ਕੋਲ ਦੇਖ ਲਿਆ ਤਾਂ ਮੇਰੇ ਵਰਗਾ ਬੁਰਾ ਕੋਈ ਨਹੀਂ।" ਸਰਦਾਰ ਬੁੜ ਬੁੜ ਕਰਦਾ ਤੁਰ ਗਿਆ।

ਨਿਜ਼ਾਮਦੀਨ ਨਿਮੋਝੂਣਾ ਹੋ ਕੇ ਚੁੱਪ ਕਰ ਗਿਆ। ਉਹ ਪਿੰਡ ਦੇ ਅੰਦਰਲਾ ਘਰ ਛੱਡ ਕੇ ਬਾਹਰ ਨਗਾਹੇ ਉਤੇ ਰਹਿਣ ਲੱਗ ਪਿਆ। ਕੁਝ ਹਫ਼ਤਿਆਂ ਪਿਛੋਂ ਇਕ ਦਿਨ ਬਲਬੀਰ ਨਗਾਹੇ ਉਤੇ ਅਪੜ ਕੇ ਫਿਰ ਜਾਮੂ ਦੀ ਮਹਿਫ਼ਲ ਵਿਚ ਜਾ ਸ਼ਾਮਲ ਹੋਇਆ। ਨਿਜ਼ਾਮਦੀਨ ਸੁਰੰਗੀ ਵਜਾ ਰਿਹਾ ਸੀ। ਜਦ ਉਸ ਨੇ ਇਕ ਧੁਨ ਖ਼ਤਮ ਕੀਤੀ ਤਾਂ ਬਲਬੀਰ ਨੇ ਕਿਸੇ ਨਾਲ ਹੌਲੀ ਦੇ ਕੇ ਕੋਈ ਗੱਲ ਕੀਤੀ। ਜਾਮੂ ਨੇ ਬੋਲ ਪਛਾਣ ਲਿਆ ਤੇ ਬੋਲਿਆ, "ਬਲਬੀਰ ਸਿਹੁੰ ਐ? ਕੋਈ ਨਹੀਂ! ਆ ਜਾਇਆ ਕਰ, ਦੇਖੀ ਜਾਊ ਜਿਵੇਂ ਹੋਊ, ਸਾਡਾ ਹੈ ਈ ਕੀ? ਜੋ ਖੁੱਸ ਜਾਊ!"

ਬਲਬੀਰ ਪੜ੍ਹਦਾ ਵੀ ਰਿਹਾ ਅਤੇ ਗਾਉਂਦਾ ਵੀ। ਉਹ ਸਾਹਿਤਕ ਸਭਾਵਾਂ ਵਿਚ ਗਾਉਂਦਾ ਅਤੇ ਕਾਲਿਜ ਦੇ ਕਵੀ ਦਰਬਾਰਾਂ ਵਿਚ। ਫਿਰ ਬੀ. ਏ., ਬੀ. ਟੀ. ਕਰ ਕੇ ਉਹ ਸਕੂਲ ਵਿਚ ਅਧਿਆਪਕ ਲੱਗ ਗਿਆ। ਪਰ ਇਸ ਸਾਰੇ ਸਮੇ ਵਿਚ ਉਸ ਨੇ ਵੱਖ ਵੱਖ ਸੰਗੀਤਕਾਰਾਂ ਤੋਂ ਭਾਰਤੀ ਸ਼ਾਸਤ੍ਰੀ ਸੰਗੀਤ ਦੀ ਸਿਖਿਆ ਲੈਣੀ ਜਾਰੀ ਰੱਖੀ।

ਸਬੱਬ ਨਾਲ ਰੋਜ਼ੀ ਦੇ ਚੱਕਰ ਵਿਚ ਅਸੀਂ ਦੋਵੇਂ ਨਾਭੇ ਆ ਟਿਕੇ। ਜਿਸ ਘਰ ਦੇ ਚੁਬਾਰੇ ਵਿਚ ਬਲਬੀਰ ਸਿੰਘ ਰਹਿੰਦਾ ਸੀ, ਉਸ ਦੀ ਬੈਠਕ ਉਸ ਨੇ ਮੈਨੂੰ ਕਿਰਾਏ ਉਤੇ ਲੈ ਦਿਤੀ। ਅਸੀਂ ਦੋਵੇਂ ਮਿਲਦੇ ਤਾਂ ਬੀਤੇ ਸਮੇ ਦੀਆਂ ਗੱਲਾਂ ਕਰਦੇ। ਜਦੋਂ ਕਵੀ ਦਰਬਾਰ ਤੋਂ ਪਹਿਲਾਂ ਅਤੇ ਪਿਛੋਂ ਅਸੀਂ ਇਕੱਠੇ ਤਖ਼ਤ ਪੋਸ਼ ਢੁੱਕਦੇ, ਦਰੀਆਂ ਵਿਛਾਉਂਦੇ ਜਾਂ ਗੀਤ ਗਾਉਂਦੇ।

ਹਰ ਸਵੇਰ ਸ਼ਾਮ ਬਲਬੀਰ ਦੇ ਚੁਬਾਰੇ 'ਚੋਂ ਸੰਗੀਤ ਦੇ ਰਿਆਜ਼ ਦੀ ਆਵਾਜ਼ ਆਉਂਦੀ ਰਹਿੰਦੀ।

1964 ਵਿਚ ਮੈਂ ਭਾਰਤ ਛੱਡ ਕੇ ਕੈਨੇਡਾ ਆਣ ਦਾ ਫ਼ੈਸਲਾ ਕਰ ਲਿਆ। ਪਰਦੇਸ ਅਪੜਿਆਂ ਮੈਨੂੰ ਸੱਤ ਸਾਲ ਹੋ ਗਏ। ਕਦੇ ਬਲਬੀਰ ਦਾ ਨਾ ਕੋਈ ਸੁਖ ਸੁਨੇਹਾ ਆਇਆ ਨਾ ਕੋਈ ਚਿਠੀ। ਅਚਾਨਕ ਇਕ ਦਿਨ ਮੇਰੇ ਫ਼ੋਨ ਦੀ ਟੱਲੀ ਵੱਜੀ ਅਤੇ ਦੂਜੇ ਪਾਸਿਓਂ ਬਲਬੀਰ ਸਿੰਘ ਬੋਲਿਆ, "ਮੈਂ ਕਿਹਾ! ਆਪਾਂ ਪਹੁੰਚ ਗਏ।"

ਮੈਂ ਹੈਰਾਨ ਹੋ ਕੇ ਪੁਛਿਆ, "ਹੈਂ, ਕਿਥੇ ਪਹੁੰਚ ਗਏ ਅਤੇ ਕਿਵੇਂ ?"

"ਤੇਰੇ ਸ਼ਹਿਰ ਵੈਨਕੂਵਰ। ਮੈਂ ਸਭ ਕੁਝ ਛਡ ਛਡਾ ਕੇ ਤੇਰੇ ਸ਼ਹਿਰ ਆ ਗਿਆ ਹਾਂ।" ਮੈਂ ਉਸ ਦਾ ਸਿਰਨਾਵਾਂ ਲਿਆ ਤੇ ਤੁਰਤ ਉਸ ਥਾਂ ਅਪੜਿਆ। ਸ਼ਰਬਤੀ ਪੱਗ, ਰੇਸ਼ਮੀ ਸਲੇਟੀ ਸੂਟ ਤੇ ਪੁੱਠੀ ਚੜ੍ਹੀ ਹੋਈ ਦਾੜ੍ਹੀ। ਤਾਨਪੂਰਾ ਖੂੰਜੇ ਵਿਚ ਖੜਾ ਸੀ। ਉਸ ਦੇ ਪਰਵਾਰ ਅਤੇ ਸਾਂਝੇ ਪੁਰਾਣੇ ਮਿਤਰਾਂ ਬਾਰੇ ਅਸੀਂ ਕੁਝ ਗੱਲਾਂ ਕੀਤੀਆਂ ਤੇ ਮੈਂ ਆਗਿਆ ਮੰਗੀ ਸਫ਼ਰ ਦਾ ਥੱਕਿਆ ਹੋਇਆ ਸੀ।

ਕੁਝ ਦਿਨਾਂ ਪਿਛੋਂ ਬਲਬੀਰ ਆਪਣੇ ਇਕ ਹੋਰ ਮਿਤਰ ਜਗਦੇਵ ਜਵੰਦਾ ਕੋਲ ਵੈਨਕੂਵਰ ਤੋਂ 600 ਮੀਲ ਦੂਰ ਮੈਕਬਰਾਈਡ ਚਲਿਆ ਗਿਆ ਅਤੇ ਮੈਂ ਭਾਰਤ। ਜਦ ਮੈਂ ਵਾਪਸ ਅਪੜਿਆ ਤਾਂ ਉਹ ਵੀ ਵੈਨਕੂਵਰ ਮੁੜ ਆਇਆ ਸੀ। ਮੈਂ ਮਿਲਣ ਗਿਆ ਤਾਂ ਅਸੀਂ ਗੱਲਾਂ ਕਰਨ ਲਗੇ। ਮੇਰੀਆਂ ਪੁਛਾਂ ਦੇ ਉਹ ਉਤਰ ਗੰਭੀਰਤਾ ਨਾਲ ਦੇਂਦਾ।

? "ਪ੍ਰੋਗਰਾਮ ਕੀ ਨੇ ਫਿਰ ਫ਼ੋਜਾਂ ਦੇ ਹੁਣ ?"

— ਮੈਂ ਭਾਰਤੀ ਸੰਗੀਤ ਬਾਰੇ ਖੋਜ ਕਰਨਾ ਚਾਹੁੰਦਾ ਹਾਂ। ਸਾਡੇ ਸੰਗੀਤ ਦੇ ਕੁਝ ਤਤ ਅਜਿਹੇ ਨੇ ਜੋ ਅਜ ਦੀ ਵਿਗਿਆਨਕ ਕਸੌਟੀ ਉਤੇ ਨਿਰਖੇ ਪਰਖੇ ਜਾਣੇ ਚਾਹੀਦੇ ਹਨ। ਜਿਵੇਂ ਸਾਡੇ ਰਾਗਾਂ ਦਾ ਸਮਾ – ਚੱਕਰ, ਰੁੱਤਾਂ ਅਤੇ ਸਮੇ ਦਾ ਸੁਰਾਂ ਨਾਲ ਸੰਬੰਧ। ਜਿਵੇਂ ਜਿਵੇਂ ਕੁਦਰਤ ਦੇ ਰੰਗ ਰੂਪ ਬਦਲਦੇ ਹਨ, ਤਿਉਂ ਤਿਉਂ ਸੁਰਾਂ ਦਾ, ਵਖੋ ਵਖਰੀਆਂ ਸੁਰ-ਸੰਧੀਆਂ ਦਾ ਜੋ ਪ੍ਰਭਾਵ ਮਨੁੱਖੀ ਮਨ ਉਤੇ ਪੈਂਦਾ ਹੈ, ਉਹ ਬਦਲਦਾ ਹੈ। ਸਾਡੇ ਪੁਰਾਣੇ ਸੰਗੀਤਕਾਰਾਂ ਨੇ ਤਾਂ ਕਿੰਨਾ ਕੁਝ ਆਪਣੇ ਸਿਧੇ ਅਨੁਭਵ ਤੋਂ ਹੀ ਨਿਸਚਿਤ ਕੀਤਾ ਸੀ। ਮੇਰਾ ਵਿਚਾਰ ਹੈ ਕਿ ਇਨ੍ਹਾਂ ਪ੍ਰਭਾਵਾਂ ਪਿਛੇ ਲੁਕੇ ਕਾਰਨਾਂ ਨੂੰ ਸਾਇੰਸੀ ਤਜਰਬਿਆਂ ਰਾਹੀਂ ਲਭਿਆ ਜਾਵੇ।

? ਇਹ ਤਜਰਬੇ ਤੁਸੀਂ ਕਿਵੇਂ ਕਰੋਗੇ ?

— ਇਸ ਦੇ ਕਈ ਢੰਗ ਹੋ ਸਕਦੇ ਹਨ। ਮਿਸਾਲ ਵਜੋਂ ਕਾਲਗਰੀ ਵਿਚ ਮੈਂ ਇਕ ਪ੍ਰੋਗਰਾਮ ਕੀਤਾ ਤੇ ਨਾਲੇ ਇਕ ਤਜਰਬਾ। ਮੇਰੇ ਸਰੋਤੇ ਸੁਰਾਂ ਅਤੇ ਰੰਗਾਂ ਦੇ ਪ੍ਰਭਾਵਾਂ ਵਿਚ ਦਿਲਚਸਪੀ ਰਖਣ ਵਾਲੇ ਯੂਨੀਵਰਸਿਟੀ-ਵਿਦਿਆਰਥੀ ਸਨ। ਉਹ ਸਾਰੇ ਕੈਨੇਡੀਅਨ ਸਨ। ਇਸ ਲਈ ਸ਼ਬਦਾਂ ਦੇ ਅਰਥਾਂ ਦੀ ਸੁੰਦਰਤਾ ਦੀ ਹੋਂਦ ਜਾਂ ਅਣਹੋਂਦ ਉਨ੍ਹਾਂ ਉੱਤੇ ਪੈ ਰਹੇ ਪ੍ਰਭਾਵ ਵਿਚ ਸ਼ਾਮਲ ਨਹੀਂ ਸੀ। ਸ਼ਬਦ ਵੀ ਉਨ੍ਹਾਂ ਲਈ ਸੁਰਾਂ ਹੀ ਸਨ। ਡੂੰਘੀ ਆਥਣ ਸੀ। ਰਾਤ ਉੱਤਰ ਰਹੀ ਸੀ। ਮੈਂ 'ਜੈ ਜੈ ਵੰਤੀ' ਗਾਈ। ਦੂਜੇ ਦਿਨ ਇਕ ਵਿਦਿਆਰਥੀ ਆਪਣੇ ਮਨ ਤੇ ਪਏ ਪ੍ਰਭਾਵ ਬਾਰੇ ਕੁਝ ਚਿਤ੍ਰ ਬਣਾ ਕੇ ਅਤੇ ਇਕ ਲੇਖ ਲਿਖ ਕੇ ਲਿਆਇਆ।

? ਪ੍ਰਯੋਗਸ਼ਾਲਾ ਵਿਚ ਅਜੇਹੇ ਪ੍ਰਭਾਵਾਂ ਦੀ ਜਾਂਚ ਤੁਸੀਂ ਕਿਵੇਂ ਕਰੋਗੇ ?

— ਦੇਖਣਾ ਇਹ ਕਿ ਵੱਖੋ ਵੱਖਰੀਆਂ ਸੁਰਾਂ ਦਾ ਮਨੁੱਖੀ ਮਨ ਉਤੇ ਕੀ ਅਸਰ ਹੁੰਦਾ ਹੈ, ਅਤੇ ਕੀ ਸਰੀਰਕ ਤਬਦੀਲੀਆਂ ਆਉਂਦੀਆਂ ਹਨ, ਤੇ ਕਿਉਂ ? ਜਿਵੇਂ ਇਕ ਦਿਨ ਵੈਨਕੂਵਰ ਦੀ ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ ਵਿਚ ਪ੍ਰੋ: ਜਾਨ ਵੁੱਡ ਨੇ "ਗਰਮ ਰੁੱਤ ਦੇ ਸ਼ਾਸਤਰੀ ਪ੍ਰੋਗਰਾਮ" ਵਿਚ ਸ਼ਾਮਲ ਹੋਣ ਸਮੇ ਮੈਨੂੰ ਕਿਹਾ ਕਿ ਮੈਂ ਰਾਗਾਂ ਦੇ ਸਮੇ-ਚੱਕਰ ਬਾਰੇ ਕੁਝ ਦੱਸਾਂ। ਮੈਂ ਕਿਹਾ, 'ਸਾਡੇ ਪੁਰਾਤਨ ਸੰਗੀਤਕਾਰਾਂ ਨੇ ਅਨੁਭਵ ਤੋਂ ਆਪਣੀ ਸੇਧ ਲਈ ਹੈ। ਤੁਸੀਂ ਪੱਛਮੀ ਲੋਕ ਕੁਦਰਤ ਨੂੰ ਉਸ ਦੇ ਬਾਹਰੀ ਰੂਪ ਵਿਚ ਨਕਲ ਕਰਦੇ ਹੋ। ਜਿਵੇਂ ਜੇ ਤੂਫ਼ਾਨ ਆਇਆ ਵਿਖਾਉਣਾ ਹੋਵੇ ਤਾਂ ਤੁਸੀਂ ਉਸ ਦੀ ਤੇਜ਼ ਸ਼ੂਕਰ ਪੇਸ਼ ਕਰੋਗੇ। ਪਰ ਅਸੀਂ ਭਾਰਤੀ ਉਸ ਸਮੇਂ ਦੀ ਰੂਹ ਨੂੰ ਫੜਨ ਦਾ ਯਤਨ ਕਰਾਂਗੇ। ਜਿਵੇਂ ਜੇ ਬਰਖਾ ਦੀ ਰੁੱਤ ਹੈ ਤਾਂ ਉਸ ਸਮੇ ਸਾਡੇ ਅੰਤਰੀਵ ਮਨ ਦੇ ਅਨੁਭਵ ਕੀ ਹਨ ? ਕਿਸ ਤਰ੍ਹਾਂ ਦੇ ਸੁਰ ਉਥੋਂ ਉਤਪਨ ਹੋ ਰਹੇ ਹਨ ? ਅਸੀਂ ਉਹ ਪੇਸ਼ ਕਰਾਂਗੇ।'

'ਮੈਂ ਕਿਹਾ ਕਿ ਮੈਂ ਤਿੰਨ ਚਾਰ ਰਾਗ ਗਾਵਾਂਗਾ। ਜੋ ਜੋ ਪ੍ਰਭਾਵ ਤੁਹਾਡੇ ਮਨ ਉਤੇ ਪੈਣ, ਉਹ ਦੱਸਣਾ। ਮੈਂ ਚਾਰ ਰਾਗ ਗਾਏ, ਚਾਰਾਂ ਦੇ ਪ੍ਰਤਿਕ੍ਰਮ ਵੱਖਰੇ ਵੱਖਰੇ ਸਨ ਅਤੇ ਠੀਕ ਸਨ। ਮੈਂ ਭੈਰਵ ਗਾਉਣਾ ਸ਼ੁਰੂ ਕੀਤਾ। ਸਾਹਮਣੇ ਬੈਠਾ ਮੁੰਡਾ ਬੋਲਿਆ, "ਇਉਂ ਲੱਗਦਾ ਹੈ ਜਿਵੇਂ ਸਵੇਰ ਹੋ ਰਹੀ ਹੈ।" ਉਸ ਤੋਂ ਤੁਰਤ ਪਿਛੋਂ ਮੈਂ ਪੂਰੀਆ-ਧਨਾਸ਼ਰੀ ਗਾਉਣਾ ਸ਼ੁਰੂ ਕੀਤਾ ਤਾਂ ਕਹਿਣ ਲੱਗਾ ਕਿ ਇਉਂ ਜਾਪਦਾ ਹੈ ਜਿਵੇਂ ਸ਼ਾਮ ਦੀ ਲਾਲੀ ਛਾ ਰਹੀ ਹੈ। ਫਿਰ ਮੈਂ ਯਮਨ ਕਲਿਆਣ ਗਾਇਆ, ਉਸ ਤੋਂ ਕੁਝ ਭਾਰਤੀ ਵਿਦਿਆਰਥੀਆਂ ਨੂੰ ਤਾਂ ਕੁਝ ਚੱਕਰ ਪੈ ਗਿਆ ਪਰ ਗੋਰਿਆਂ ਦੇ ਪ੍ਰਤਿਕਰਮ ਬਿਲਕੁਲ ਠੀਕ ਸਨ। ਲੋਕ ਹੈਰਾਨ ਸਨ ਤੇ ਮੈਂ ਆਪ ਵੀ। ਪਿਛੋਂ ਮੈਂ ਸੋਚਿਆ, "ਮੰਗਾ ਹੀ ਲੈ ਲਿਆ ਸੀ। ਜੇ ਲੋਕ ਊਟ ਪਟਾਂਗ ਜਵਾਬ ਦੇ ਦੇਂਦੇ। ਸ਼ੁਕਰ ਹੈ ਬਚ ਗਏ।" ਨਤੀਜਾ ਇਹ ਹੋਇਆ ਕਿ ਦੂਜੇ ਦਿਨ ਦੇ ਮੇਰੇ ਪ੍ਰੋਗਰਾਮ ਦੀਆਂ ਟਿਕਟਾਂ ਧੜਾ ਧੜ ਵਿਕ ਗਈਆਂ।

ਅਨੇਕਾਂ ਹੋਰ ਤੱਤਾਂ ਨੂੰ ਵੀ ਪਰਖਣ ਦੀ ਲੋੜ ਹੈ; ਜਿਵੇਂ ਤਾਲ ਦੀ ਜਿਹੜੀ ਨੀਂਹ ਹੈ ਉਸ ਦਾ ਸਰੀਰ ਤੇ ਗਤੀ ਨਾਲ ਕੀ ਸੰਬੰਧ ਹੈ ?

? ਪੂਰਬ ਤੇ ਪੱਛਮ ਦੇ ਸੰਗੀਤ ਨੂੰ ਨੇੜੇ ਲਿਆਣ ਦੀਆਂ ਕੋਸ਼ਸ਼ਾਂ ਬਾਰੇ ਤੁਹਾਡੇ ਕੀ ਵਿਚਾਰ ਹਨ ?

— ਸੁਰ ਤਾਂ ਸਰਬ-ਲੌਕਿਕ ਤੇ ਸਰਬ-ਵਿਆਪਕ ਹਨ। ਇਕ ਸਮਾ ਤਾਂ ਅਜੇਹਾ ਸੀ ਜਦੋਂ ਸਾਰੇ ਸੰਗੀਤਾਂ ਵਿਚ ਬੜਾ

ਕੁਝ ਸਾਂਝਾ ਸੀ, ਇਹ ਸਾਂਝਾਂ ਅਜੇ ਵੀ ਮੌਜੂਦ ਹਨ। ਪੂਰਬ ਤੇ ਪੱਛਮ ਦੇ ਸੰਗੀਤ ਨੂੰ ਨੇੜੇ ਲਿਆਣ ਦੀਆਂ ਜਿਹੜੀਆਂ ਕੋਸ਼ਸ਼ਾਂ ਪਿਛਲੇ ਕੁਝ ਸਮੇ ਵਿਚ ਹੋਈਆਂ ਹਨ ਉਹ ਆਦਰਯੋਗ ਹਨ। ਇਸ ਸਿਲਸਿਲੇ ਵਿਚ ਪੰਡਤ ਰਵੀ ਸ਼ੰਕਰ ਵਰਗੇ ਲੋਕਾਂ ਦੀਆਂ ਕੋਸ਼ਸ਼ਾਂ ਨੂੰ ਸਾਨੂੰ ਸਲਾਮ ਕਰਨਾ ਚਾਹੀਦਾ ਹੈ। ਕੁਝ ਗੱਲਾਂ ਕਾਹਲੀ ਕਰ ਕੇ ਅਜੇਹੀਆਂ ਵੀ ਹੋਈਆਂ ਹਨ ਜੋ ਬਹੁਤੀਆਂ ਸਿਹਤਮੰਦ ਨਹੀਂ। ਲੋੜ ਹੈ ਕਿ ਇਸ ਪਿੜ ਨੂੰ ਹੁਣ ਵਿਦਿਅਕ ਖੇਤਰ ਦੇ ਵਿਦਵਾਨ ਲੋਕ ਸੰਭਾਲਣ। ਭਾਰਤੀ ਸੰਗੀਤ ਵਿਚ ਆਰੰਭ ਤੇ ਪੱਛਮੀ ਦਿਲਚਸਪੀ ਇਕ ਖਬਤ ਦੇ ਤੌਰ ਉਤੇ ਆਈ ਹੈ। ਇਸ ਦਾ ਨਤੀਜਾ ਇਹ ਹੋਇਆ ਹੈ ਕਿ, ਜੇ ਬੁਰਾ ਨਾ ਮੰਨੋ ਤਾਂ ਮੈਂ ਕਹਾਂਗਾ ਕਿ ਬਾਂਦਰਾਂ ਦੇ ਹੱਥਾਂ ਵਿਚ ਸਿਤਾਰਾਂ ਤੇ ਤਬਲੇ ਫੜਾ ਦਿਤੇ ਗਏ ਹਨ ਜੋ ਇਸ ਪਾਕ ਕਲਾ ਦੀ ਬੇਹੁਰਮਤੀ ਕਰਦੇ ਫਿਰਦੇ ਹਨ।

ਮੇਰਾ ਤਾਂ ਇਹ ਇਸ਼ਟ ਹੈ। ਇਹ ਬੜੀ ਗੰਭੀਰ ਕਲਾ ਹੈ ਜੋ ਲੰਮਾ ਅਭਿਆਸ ਮੰਗਦੀ ਹੈ। ਇਹ ਸਦੀਆਂ ਦੀ ਤਪੱਸਿਆ ਦਾ ਨਚੋੜ ਹੈ। ਸਸਤੇ ਵਪਾਰ ਦੇ ਤੌਰ ਉਤੇ ਇਸ ਨੂੰ ਵੇਚਣਾ ਸਾਡੇ ਸਭਿਆਚਾਰ ਨਾਲ ਬਹੁਤ ਬੜਾ ਧੱਕਾ ਹੈ। ਜਿਨ੍ਹਾਂ ਲੋਕਾਂ ਨੇ ਇਸ ਕਲਾ ਨੂੰ ਖ਼ਬਤ ਦੇ ਤੌਰ ਤੇ ਚਾਲੂ ਕੀਤਾ ਸੀ, ਹੁਣ ਤਾਂ ਉਹ ਵੀ ਇਹ ਅਨੁਭਵ ਕਰਦੇ ਹਨ ਕਿ ਜਦ ਤਕ ਵਿਦਿਅਕ ਖੇਤਰ ਦੇ ਲੋਕ ਸੰਗੀਤਕ ਅਧਿਐਨ ਦਾ ਜ਼ੋਰਦਾਰ ਯਤਨ ਨਹੀਂ ਕਰਦੇ, ਓਦੋਂ ਤਕ ਸਾਡੀ ਕਲਿਆਣ ਨਹੀਂ।

**? ਭਾਰਤੀ ਸੰਗੀਤ ਕਲਾ ਦੀ ਕਿੰਨੀ ਕੁ ਪੁਰਾਣੀ ਤਾਰੀਖ ਲਿਖਤੀ ਰੂਪ ਵਿਚ ਮਿਲਦੀ ਹੈ ?**

— ਸਾਡੇ ਸੰਗੀਤ ਦਾ ਇਤਿਹਾਸ ਤਾਂ ਵੈਦਕ ਕਾਲ ਤੋਂ ਵੀ ਪਹਿਲਾਂ ਤਕ ਲਭਿਆ ਜਾ ਚੁੱਕਾ ਹੈ, ਜੋ ਇਕ ਮਤ ਅਨੁਸਾਰ ਦਸ ਹਜ਼ਾਰ ਸਾਲ ਪੁਰਾਣਾ ਹੈ। ਇਕ ਸੁਰ, ਦੋ ਸੁਰ, ਤਿੰਨ-ਸੁਰ ਦੇ ਸੰਗੀਤ ਤੋਂ ਲੈ ਕੇ ਪੂਰੀ ਸਪਤਕ ਬਣਨ ਤੱਕ ਦਾ ਇਤਿਹਾਸ ਮਿਲ ਚੁੱਕਾ ਹੈ। ਭਰਤ ਦੇ ਜ਼ਮਾਨੇ ਤੱਕ ਤਾਂ ਬੜਾ ਕੁਝ ਮੁਕੰਮਲ ਹੋ ਚੁੱਕਾ ਸੀ।

'ਨਟ-ਸ਼ਾਸ਼ਤਰ' ਲਿਖਣ ਵਾਲਾ ਭਰਤ ਅਸਲ ਵਿਚ ਆਪਣੇ ਬੰਸ ਦੀ ਸਤਾਰਵੀਂ ਪੀੜੀ ਦਾ ਬੰਦਾ ਸੀ। ਉਸ ਨੇ ਨਾਟਕ-ਕਲਾ ਤੇ ਮੰਚ-ਕਲਾ ਬਾਰੇ ਆਪਣੇ ਸਮੇ ਤੱਕ ਦੀ ਸਾਰੀ ਪ੍ਰਥਾ ਨੂੰ ਇਕੱਠੀ ਕਰ ਕੇ ਇਕ ਪੁਸਤਕ ਦਾ ਰੂਪ ਦੇ ਦਿਤਾ। ਓਦੋਂ ਤੱਕ ਭਾਰਤੀ ਸੰਗੀਤ ਦੀ ਰੂਪ-ਰੇਖਾ ਨਿਖਰ ਚੁੱਕੀ ਸੀ। ਪੱਛਮੀ ਪਾਈਥਾਗੋਰੀਅਨ ਸਰਗਮ ਦਾ ਸੰਗੀਤ ਬੜਾ ਪਿਛੋਂ ਪ੍ਰਫੁਲਤ ਹੋਇਆ ਹੈ।

**? ਤੁਹਾਡੇ ਆਪਣੇ ਸੰਗੀਤ-ਸ਼ੌਕ ਬਾਰੇ ਕੁਝ ਦਸੋਗੇ ? ਤੁਸੀਂ ਕਿਥੋਂ ਕਿਥੋਂ ਸੰਗੀਤ ਸਿਖਿਆ ਲਈ ?**

— ਮੈਂ 1955 ਵਿਚ ਕੰਡਾਘਾਟ ਹੁੰਦਿਆਂ ਪੰਡਤ ਨਰਾਇਣ ਦੱਤ ਤੋਂ ਸਿਖਿਆ ਲੈਣੀ ਸ਼ੁਰੂ ਕੀਤੀ। ਪੰਡਤ ਜੀ ਸ੍ਰੀ ਡੀ. ਵੀ. ਪੁਲਸਕਰ ਦੇ ਸ਼ਾਗਿਰਦ ਹਨ। ਮਹਾਰਾਜਾ ਸੋਲਨ ਨੇ ਉਨ੍ਹਾਂ ਨੂੰ ਆਪਣੇ ਖ਼ਰਚ ਉਤੇ ਸੰਗੀਤ ਸਿਖਿਆ ਦਿਵਾਈ ਸੀ। ਨਾਭੇ ਬਾਰੇ ਤਾਂ ਤੁਹਾਨੂੰ ਪਤਾ ਹੀ ਹੈ ਜਦੋਂ ਮੈਂ ਓਥੇ ਪ੍ਰੋ: ਸਮਸ਼ੇਰ ਸਿੰਘ 'ਕਰੀਰ' ਤੋਂ ਸਿਖਿਆ ਲਈ। 'ਕਰੀਰ' ਸਾਹਿਬ ਪੰਡਤ ਹਰੀਸ਼ ਚੰਦਰ 'ਬਾਲੀ' ਦੇ ਸ਼ਾਗਿਰਦ ਹਨ। ਉਨ੍ਹਾਂ ਨੇ ਕੁਝ ਚਿਰ ਸ੍ਰੀ ਲਕਸ਼ਮਨ ਪ੍ਰਸ਼ਾਦ ਜੈਪੁਰ ਵਾਲੇ ਤੋਂ ਵੀ ਸਿਖਿਆ ਹੈ। ਫਿਰ ਮੈਂ 1961 ਵਿਚ ਜਲੰਧਰ ਪਹੁੰਚ ਕੇ ਆਪ 'ਬਾਲੀ' ਜੀ ਤੋਂ ਦੋ ਸਾਲ ਸਿਖਿਆ ਲਈ। ਇਸ ਤੋਂ ਉਪਰੰਤ ਮੈਂ ਸ: ਸੋਹਣ ਸਿੰਘ ਹੋਰਾਂ ਕੋਲ ਚਲਿਆ ਗਿਆ। ਉਹ ਓਦੋਂ ਜਲੰਧਰ ਰੇਡੀਓ ਦੇ ਸੰਗੀਤ ਸੁਪਰਵਾਈਜ਼ਰ ਸਨ। ਸ: ਸੋਹਣ ਸਿੰਘ ਉਸਤਾਦ ਫ਼ਿਆਜ਼ ਖ਼ਾਂ ਸਾਹਿਬ ਦੇ ਪ੍ਰਮੁਖ ਸ਼ਾਗਿਰਦਾਂ 'ਚੋਂ ਹਨ। ਆਪਣੀ ਸੇਵਾ ਨਾਲ ਉਨ੍ਹਾਂ ਨੇ ਉਸਤਾਦ ਤੋਂ ਉਹ ਗਾਣਾ ਹਾਸਲ ਕੀਤਾ ਜੋ ਉਸਤਾਦ ਦੇ ਘਰ ਦੇ ਵੀ ਨਹੀ ਲੈ ਸਕੇ। ਉਨ੍ਹਾਂ ਕੋਲੋਂ ਮੈਂ ਰਜ ਕੇ ਸਿਖਿਆ : ਅੱਠ ਸਾਲ। ਅਖ਼ੀਰ ਹੁਣ ਕੈਨੇਡਾ ਆਣ ਤੋਂ ਦੋ ਸਾਲ ਪਹਿਲਾਂ ਮੇਰਾ ਸੰਬੰਧ ਆਚਾਰੀਆ ਬ੍ਰਹਸਪਤੀ ਜੀ ਨਾਲ ਜੁੜ ਗਿਆ। ਉਹ ਆਕਾਸ਼ਵਾਣੀ ਦਿੱਲੀ ਦੇ ਮੁਖ ਸੰਗੀਤ-ਸਲਾਹਕਾਰ ਹਨ। ਬੜੇ ਵਿਦਵਾਨ ਪੁਰਸ਼ ਹਨ। ਇਸੇ ਸਮੇਂ ਵਿਚ ਮੈਂ ਭਾਰਤੀ ਸੰਗੀਤ ਦਾ ਐਮ. ਏ. ਪਾਸ ਕਰ ਲਿਆ ਸੀ।

**? ਕੈਨੇਡਾ ਆਣ ਬਾਰੇ ਤੁਸੀਂ ਕਦੋਂ ਫ਼ੈਸਲਾ ਕੀਤਾ ਤੇ ਕਿਉਂ ?**

— ਕੈਨੇਡਾ ਆਣ ਦਾ ਮੇਰਾ ਪ੍ਰੋਗਰਾਮ ਬੜਾ ਅਚਾਨਕ ਹੀ ਬਣ ਗਿਆ। ਕੁਝ ਆਪਣਿਆਂ ਦੀਆਂ ਮਿਹਰਬਾਨੀਆਂ ਅਤੇ ਸਰਕਾਰ ਦੇ ਮਹਿਕਮਾਨਾ ਧੱਕਿਆਂ ਨੇ ਇਸ ਫ਼ੈਸਲੇ ਉੱਤੇ ਅਮਲ ਦੀ ਚਾਲ ਹੋਰ ਵੀ ਤਿੱਖੀ ਕਰ ਦਿਤੀ। ਜਦ ਮੈਂ ਆਚਾਰੀਆ ਜੀ ਨੂੰ ਮਿਲਣ ਦਿਲੀ ਪੁਜਿਆ ਤਾਂ ਕਹਿਣ ਲਗੇ, "ਕਿਧਰ ਨੂੰ ਤਿਆਰੀਆਂ ਕਸੀਆਂ ਨੇ ਫ਼ੌਜਾਂ ਨੇ ?"

ਮੈਂ ਕਿਹਾ, "ਫ਼ੌਜਾਂ ਕੈਨੇਡਾ ਜਾ ਰਹੀਆਂ ਹਨ !"

ਕਹਿੰਦੇ, "ਕਿਉਂ ਕੋਈ ਜ਼ਮੀਨ ਵੇਚੀ ਹੈ ਕਿ ਲਾਟਰੀ ਨਿਕਲ ਆਈ ?"

ਮੈਂ ਕਿਹਾ, "ਅਜਿਹੀ ਤਾਂ ਕੋਈ ਗੱਲ ਨਹੀਂ। ਸਿਰਫ਼ ਸੰਗੀਤ ਦੀ ਖੋਜ ਦੇ ਆਸ਼ੇ ਨਾਲ ਹੀ ਜਾ ਰਿਹਾਂ।"

ਕਹਿੰਦੇ, "ਮੇਰਾ ਅਸ਼ੀਰਵਾਦ ਤੇਰੇ ਨਾਲ ਹੈ। ਓਥੇ ਦੇ ਅਲਾ ਮੀਆਂ ਨੂੰ ਮੇਰਾ ਸਲਾਮ ਕਹਿ ਦਈਂ।"

ਮੈਂ ਵਿਅੰਗ ਸਮਝ ਕੇ ਮੁਸਕਰਾ ਪਿਆ।

**? ਮਿਤਰਾਂ ਦੀਆਂ ਮਿਹਰਬਾਨੀਆਂ ਜਾਂ ਮਹਿਕਮਾਨਾ ਧੱਕਿਆਂ ਬਾਰੇ ਕੁਝ ਵਿਸਥਾਰ ਦਸ ਸਕੋਗੇ ?**

— ਜਦ ਮੈਂ ਸੰਗੀਤ ਦੇ ਬੀ. ਏ., ਐਮ. ਏ. ਦੇ ਇਮਤਿਹਾਨਾਂ ਵਿਚ ਵੀ ਇਹ ਦੇਖਿਆ ਕਿ ਮੂੰਹ-ਮੁਲਾਹਜ਼ੇ ਗੁਣ ਨੂੰ ਹਾਰ ਦੇ ਰਹੇ ਹਨ; ਵਾਕਫ਼ੀਅਤਾਂ ਆਸਰੇ ਲੋਕ ਫ਼ਸਟ ਕਲਾਸ ਫਸਟ ਨਿਕਲ ਰਹੇ ਹਨ ਤਾਂ ਮਨ ਖੱਟਾ ਹੋ ਗਿਆ। ਮਹਿਕਮੇ ਦੀਆਂ ਦਫ਼ਤਰਸ਼ਾਹੀਆਂ ਕੀਹਤੋਂ ਗੁੱਝੀਆਂ ਹਨ।

**? ਤੁਸੀਂ ਆਪਣੀ ਖੋਜ ਲਈ ਕੈਨੇਡਾ ਨੂੰ ਕਿਉਂ ਚੁਣਿਆ ਹੈ ?**

— ਇਹ ਦੇਸ਼ ਅਜਿਹਾ ਹੈ ਜਿਥੇ ਇਕ ਛਤ ਹੇਠਾਂ ਤੁਸੀਂ 50 ਕੌਮਾਂ ਦੇ ਬੰਦਿਆਂ ਨੂੰ ਮਿਲ ਸਕਦੇ ਹੋ। ਇਸ ਲਈ ਵਖੋ ਵਖ ਸੰਗੀਤਾਂ ਦਾ ਤੁਲਨਾਤਮਕ ਅਧਿਐਨ ਕਰਨ ਦੇ ਸਾਧਨ ਤੇ ਮੌਕੇ ਬਹੁਤ ਮਿਲ ਸਕਦੇ ਹਨ। ਫਿਰ ਯੂਨੀਵਰਸਿਟੀਆਂ ਦੀਆਂ ਪ੍ਰਯੋਗਸ਼ਾਲਾਵਾਂ ਵਿਚ ਨਵੀਨ ਵਧੀਆ ਵਿਗਿਆਨਕ ਸਾਮਾਨ ਵੀ ਮੌਜੂਦ ਹੈ ?

**? ਸ਼ਾਸਤਰੀ ਸੰਗੀਤ ਨੂੰ ਲੋਕ ਹਲਕੇ ਫੁਲਕੇ ਸੰਗੀਤ ਜਿੰਨਾ ਕਿਉਂ ਨਹੀਂ ਮਾਣਦੇ।**

— ਸ਼ਾਸਤਰੀ ਸੰਗੀਤ ਇਕ ਸਭਿਆਚਾਰ ਹੈ। ਹਰ ਸਭਿਆਚਾਰ ਦਾ ਆਨੰਦ ਲੈਣ ਲਈ ਤੁਹਾਨੂੰ ਉਸ ਦੇ ਮੂਲ ਤੱਤਾਂ ਦਾ ਗਿਆਨ ਹੋਣਾ ਚਾਹੀਦਾ ਹੈ। ਜਿਵੇਂ ਜੇ ਤੁਸੀਂ ਕਿਸੇ ਸਾਧਾਰਨ ਬੰਦੇ ਨੂੰ ਸ਼ੇਕਸਪੀਅਰ, ਗ਼ਾਲਿਬ ਜਾ ਵੀਰ ਸਿੰਘ ਦੀ ਕੋਈ ਰਚਨਾ ਸੁਣਾਓ ਤਾਂ ਸ਼ਾਇਦ ਹੀ ਉਹ ਸ਼ੇਅਰ ਦੀ ਪੂਰੀ ਖ਼ੂਬਸੂਰਤੀ ਨੂੰ ਮਾਣ ਸਕੇ। ਇਸੇ ਤਰ੍ਹਾਂ ਸੰਗੀਤ ਨੂੰ ਮਾਨਣ ਲਈ ਵੀ ਇਸ ਦੇ ਬੁਨਿਆਦੀ ਤੱਤਾਂ ਦੀ ਸਿਖਿਆ ਦਾ ਹੋਣਾ ਜ਼ਰੂਰੀ ਹੈ। ਲੋਕਾਂ ਨੂੰ ਇਹ ਵਿਦਿਆ

ਹਾਸਲ ਕਰਨ ਦੇ ਮੌਕੇ ਆਮ ਨਹੀਂ ਮਿਲਦੇ।

? ਸਾਧਾਰਨ ਭਾਰਤੀ ਨੂੰ ਇਹ ਸਿਖਿਆ ਦੇਣ ਲਈ ਭਾਰਤ ਵਿਚ ਕੀ ਕਦਮ ਚੁੱਕੇ ਜਾ ਰਹੇ ਹਨ ?

— ਕਾਫ਼ੀ ਕੁਝ ਹੋ ਰਿਹਾ ਹੈ; ਜਿਵੇਂ ਕਾਲਜਾਂ ਸਕੂਲਾਂ ਵਿਚ ਸੰਗੀਤ ਸਿਖਿਆ ਬੜੇ ਜ਼ੋਰ ਨਾਲ ਹਰਮਨ ਪਿਆਰੀ ਹੋ ਰਹੀ ਹੈ। ਮੈਂ ਆਪ ਵੀ ਪਟਿਆਲੇ ਵਿਚ ਸੰਗੀਤ ਹੀ ਪੜ੍ਹਾਉਂਦਾ ਸਾਂ। ਇਸ ਤੋਂ ਛੁੱਟ ਰੇਡੀਓ ਉਤੇ ਵੀ ਸ਼ਾਸਤਰੀ ਸੰਗੀਤ ਦੇ ਪ੍ਰੋਗਰਾਮ ਅਗੇ ਨਾਲੋਂ ਬਹੁਤ ਵੱਧ ਪੇਸ਼ ਕੀਤੇ ਜਾਂਦੇ ਹਨ।

? ਭਾਰਤੀ ਸ਼ਾਸਤਰੀ ਸੰਗੀਤ ਬਾਰੇ ਪਰਦੇਸਾਂ ਵਿਚ ਰਹਿੰਦੇ ਮੇਰੇ ਵਰਗੇ ਭਾਰਤੀਆਂ ਨੂੰ ਤੁਸੀਂ ਕੀ ਮਸ਼ਵਰਾ ਦੇਣਾ ਚਾਹੋਗੇ ?

— ਸਾਡਾ ਸੰਗੀਤ ਬੜਾ ਅਮੀਰ ਹੈ। ਪਰਦੇਸਾਂ ਵਿਚ ਵਸਦੇ ਭਾਰਤੀਆਂ ਨੂੰ ਵੀ ਇਸ ਖ਼ਜ਼ਾਨੇ 'ਚੋਂ ਆਪਣਾ ਹਿੱਸਾ ਹਾਸਲ ਕਰਨਾ ਚਾਹੀਦਾ ਹੈ। ਆਪਣੇ ਬੱਚਿਆਂ ਨੂੰ ਆਪਣਾ ਇਹ ਵਿਰਸਾ ਦੇਣਾ ਚਾਹੀਦਾ ਹੈ। ਘਰ ਆਈ ਆਪਣੀ ਲਛਮੀ ਨੂੰ ਧੱਕੇ ਮਾਰ ਕੇ ਪੱਛਮੀ ਕਲਾ ਦੀ ਅੰਨ੍ਹੀ ਨਕਲ ਕੋਈ ਬਹੁਤੀ ਸਿਆਣੀ ਗੱਲ ਨਹੀਂ।

? ਇਸ ਸਿਲਸਿਲੇ ਵਿਚ ਤੁਸੀਂ ਅੱਜਕਲ੍ਹ ਕੀ ਕਰ ਰਹੇ ਹੋ ?

— ਮੈਂ ਜਦੋਂ ਦਾ ਵੀ ਕੈਨੇਡਾ ਅਪੜਿਆ ਹਾਂ, ਇਸ ਹਯੋਗ ਵਿਚ ਆਪਣੇ ਵਿੱਤ ਅਨੁਸਾਰ ਹਿੱਸਾ ਪਾਈ ਜਾਂਦਾ ਹਾਂ। ਯੂਨੀਵਰਸਿਟੀਆਂ ਅਤੇ ਹੋਰ ਥਾਵਾਂ ਉਤੇ ਜਾ ਕੇ ਭਾਰਤੀ ਸੰਗੀਤ ਬਾਰੇ ਲੈਕਚਰ ਦੇਂਦਾ ਹਾਂ। ਸੰਗੀਤ ਪੇਸ਼ ਕਰਦਾ ਹਾਂ। ਜੇ ਕੋਈ ਆਪ ਸੰਗੀਤ ਸਿਖਣ ਦਾ ਸ਼ੌਕੀਨ ਹੈ ਜਾਂ ਆਪਣੇ ਬੱਚਿਆਂ ਨੂੰ ਸਿਖਾਉਣਾ ਚਾਹੁੰਦਾ ਹੈ ਤਾਂ ਉਨ੍ਹਾਂ ਲਈ ਸਾਂਝੇ ਤੌਰ ਤੇ ਜਾਂ ਇਕੱਲਿਆਂ ਸਿਖਿਆ ਦਿੰਦਾ ਹਾਂ। ਮੇਰੇ ਸ਼ਾਗਿਰਦਾਂ ਵਿਚ ਭਾਰਤੀ ਵੀ ਹਨ ਅਤੇ ਗੋਰੇ ਵੀ। ਇਸ ਤੋਂ ਛੁੱਟ ਰੇਡੀਓ ਅਤੇ ਟੈਲੀਵੀਜ਼ਨ ਉਤੇ ਵੀ ਕਈ ਪ੍ਰੋਗਰਾਮ ਪੇਸ਼ ਕਰ ਚੁੱਕਾ ਹਾਂ।

? ਏਥੇ ਪਹੁੰਚ ਕੇ ਤੁਸੀਂ ਕਿਵੇਂ ਮਹਿਸੂਸ ਕੀਤਾ ?

— ਮੈਨੂੰ ਪਹਿਲਾਂ ਹੀ ਪਤਾ ਸੀ ਕਿ ਮੇਰਾ ਅਤੇ ਮੇਰੀ ਇਸ ਖੋਜ ਦਾ ਰਾਹ ਫੁੱਲਾਂ ਭਰਿਆ ਨਹੀਂ, ਬੜਾ ਬਿਖੜਾ ਪੈਂਡਾ ਹੈ। ਮੈਂ ਤਾਂ ਜੱਟ-ਸੋਟਾ ਮਾਰਿਆ ਹੈ। ਹੌਲੀ ਹੌਲੀ ਸਭ ਠੀਕ ਹੋ ਜਾਏਗਾ। ਅਜੇ ਕਠਨਾਈਆਂ ਬੜੀਆਂ ਹਨ। ਕਦੇ ਤਾਂ ਅਗਲੇ ਮਹੀਨੇ ਦੇ ਕਿਰਾਏ ਦੀ ਵੀ ਚਿੰਤਾ ਹੁੰਦੀ ਹੈ ਪਰ ਹੌਲੀ ਹੌਲੀ ਵਾਕਫ਼ੀ ਪੈ ਰਹੀ ਹੈ। ਮੈਂ ਰੇਡੀਓ ਅਤੇ ਟੈਲੀਵੀਯਨ ਉਤੇ "ਭਾਰਤੀ ਸੰਗੀਤ ਦੇ ਮੁਢਲੇ ਗਿਆਨ" ਬਾਰੇ ਇਕ ਕੋਰਸ ਦੇਣਾ ਚਾਹੁੰਦਾ ਹਾਂ ਜੋ ਕਿਸੇ ਸਟੇਸ਼ਨ ਨਾਲ ਗੱਲ ਸਿਰੇ ਚੜ੍ਹ ਗਈ। ਸਕੂਲ ਬੋਰਡਾਂ ਨਾਲ ਵੀ ਗੱਲ ਤੁਰ ਰਹੀ ਹੈ। ਜਿਥੇ ਕਠਨਾਈਆਂ ਹਨ, ਉਥੇ ਚੰਗੇ ਦੋਸਤਾਂ ਦੀ ਹੋਂਦ ਉਤਸ਼ਾਹ ਵੀ ਦਿੰਦੀ ਹੈ। ਅਨੇਕਾਂ ਮਿੱਤਰਾਂ ਨੇ ਮੇਰੀ ਬੜੀ ਸਹਾਇਤਾ ਕੀਤੀ ਹੈ, ਮਾਨਸਕ ਵੀ ਤੇ ਪਦਾਰਥਕ ਵੀ। ਉਸ ਲਈ ਮੈਂ ਉਨ੍ਹਾਂ ਦਾ ਰਿਣੀ ਹਾਂ। ਜਿਵੇਂ ਮੈਂ ਅੱਗੇ ਕਿਹਾ ਹੀ ਹੈ ਕਿ ਜੱਟਾਂ ਦੇ ਘਰ ਜੰਮੇ ਹਾਂ। ਕੁਝ ਲੋਕ ਆਏ ਤੇ ਬੀਜ ਖਿੰਡਾ ਗਏ, ਹੁਣ ਉਸ ਧਰਤੀ ਨੂੰ ਤਿਆਰ ਕਰਨ ਦੀ ਲੋੜ ਹੈ, ਜਿਥੇ ਉਹ ਬੀਜ ਪੁੰਗਰ ਕੇ ਜਵਾਨ ਹੋ ਸਕਣ। ਜੇ ਮੈਂ ਪਰਦੇਸ ਵਿਚ ਏਥੇ ਕੁਝ ਲੋਕਾਂ ਵਿਚ ਭਾਰਤੀ ਸੰਗੀਤ ਬਾਰੇ ਦਿਲਚਸਪੀ ਪੈਦਾ ਕਰ ਸਕਾਂ ਤਾਂ ਮੈਂ ਆਪਣੀ ਯਾਤਰਾ ਸਫਲ ਸਮਝਾਂਗੇ।



## ਇੰਡੀਆ ਮਿਊਜ਼ਿਕ ਸੋਸਾਇਟੀ

ਭਾਰਤੀ ਸੰਗੀਤ ਦੇ ਪ੍ਰੇਮੀਆਂ ਨੂੰ ਇਹ ਜਾਣਕੇ ਖ਼ੁਸ਼ੀ ਹੋਵੇਗੀ ਕਿ ਵੈਨਕੂਵਰ ਵਿਚ ਭਾਰਤੀ ਸੰਗੀਤ ਦਾ ਸੰਚਾਰ ਕਰਨ ਲਈ ਇੰਡੀਆ ਮਿਊਜ਼ਿਕ ਸੋਸਾਇਟੀ ਦੀ ਸਥਾਪਨਾ ਕੀਤੀ ਗਈ ਹੈ। ਇਸ ਦੇ ਮੁਢਲੇ ਡਾਇਰੈਕਟਰਾਂ ਦੀ ਪਹਿਲੀ ਮੀਟਿੰਗ ਵਿਚ ਫੈਸਲਾ ਕੀਤਾ ਗਿਆ ਕਿ ਸੋਸਾਇਟੀ ਦਾ ਉਦਘਾਟਨ 31 ਮਾਰਚ, 1976 ਨੂੰ "AN EVENING OF RAGAS" ਪ੍ਰੋਗ੍ਰਾਮ ਨਾਲ ਕੀਤਾ ਜਾਵੇ। ਮੁੱਖ ਸੰਗੀਤਕਾਰ ਬਲਬੀਰ ਸਿੰਘ ਭੰਗੂ ਹੋਣਗੇ।

ਸੋਸਾਇਟੀ ਦਾ ਮੰਤਵ ਕੈਨੇਡਾ ਵਿਚ ਭਾਰਤੀ ਸੰਗੀਤ ਦਾ ਸੰਚਾਰ ਅਤੇ ਭਾਰਤੀ ਸੰਗੀਤ ਦੇ ਰੀਕਾਰਡ ਪ੍ਰੋਡਿਊਸ ਕਰਨੇ, ਮਿਊਜ਼ਿਕ ਸਕੂਲ ਸ਼ੁਰੂ ਕਰਨੇ, ਅਤੇ ਮਿਊਜ਼ਿਕ ਬਾਰੇ ਕਿਤਾਬਾਂ ਤੇ ਪੇਪਰ ਆਦਿ ਪ੍ਰਕਾਸ਼ਿਤ ਕਰਨਾ ਹੈ। ਸੋਸਾਇਟੀ ਬਾਰੇ ਹੋਰ ਜਾਣਕਾਰੀ ਲਈ ਤੁਸੀਂ ਬਲਬੀਰ ਸਿੰਘ ਭੰਗੂ ਨੂੰ 438-5783 'ਤੇ ਫ਼ੋਨ ਕਰ ਸਕਦੇ ਹੋ।

(ਅ: ਰੇਤ)


# ATTENTION EVERYBODY
# IMPORTANT NOTICE

- If there are people who owe you money and you are anxious to recover your money

or

- If you need business or credit advice

THEN FOR ECONOMICAL AND PROFESSIONAL ASSISTANCE, CONTACT:

## EXECUTIVE CREDIT CONSULTANTS

(Government Licensed and Bonded)

Rm. 35 — 448 Seymour St.,
Vancouver, B.C.
V6B 3H3

Telephones:
669—5251 (office)
438-5613 (24 hours)

*We have staff who speak all East Indian languages.*

# CHARTERS! CRUISES! TOURS!

## Groups and Excursions

## "Fly Now . . . Pay Later"

We are appointed agents for International Air Transport Association (IATA) and also for every major airline and steamship company in the world.

## "TRAVEL IS OUR ONLY BUSINESS"

*Tickets Issued Immediately at any of the following offices:*

# Bains International Travel Service Ltd.

| | | |
|---|---|---|
| 6364 FRASER ST.<br>VANCOUVER, B.C.<br>324-2277 | 935 MARINE DRIVE<br>NORTH VANCOUVER, B.C.<br>980-0351 | 1710 DOUGLAS ST.<br>VICTORIA, B.C.<br>386-6363 |

# JANKAR FILMS

Presents

**APNE DUSHMAN**



ਅਪਨੇ

ਦੁਸ਼ਮਨ



***Coming Attractions***

**KASAM**

**KALI CHARAN**

**AAJ KA MAHATMA**

**Phone: 325-1917**

ਨਾ
ਵ
ਲ
:

# ਲਹਿਰ ਵਧਦੀ ਗਈ

ਦਾ ਕਾਂਡ 33

•

**ਕੇਸਰ ਸਿੰਘ**

ਮਨੀਪੁਰ ਵਿਚ ਅੰਗਰੇਜ਼ੀ ਹਿੰਦੁਸਤਾਨੀ ਫ਼ੌਜ ਤੇ ਆਜ਼ਾਦ ਹਿੰਦ ਫ਼ੌਜ ਇਕ ਦੂਜੇ ਦੇ ਸਾਹਮਣੇ ਆ ਡਟੀਆਂ ਸਨ। ਇਧਰ ਵੀ ਹਿੰਦੁਸਤਾਨੀ ਸਨ ਤੇ ਉਧਰ ਵੀ ਹਿੰਦੁਸਤਾਨੀ । ਫ਼ਰਕ ਕੇਵਲ ਇੰਨਾ ਸੀ ਕਿ ਇਧਰ ਦੇ ਹਿੰਦੁਸਤਾਨੀ ਬਿਦੇਸ਼ੀ ਸਰਕਾਰ ਤੋਂ ਛੁਟਕਾਰਾ ਪਾਉਣ ਲਈ ਕੁਰਬਾਨੀਆਂ ਦੇ ਰਹੇ ਸਨ ਤੇ ਉਧਰ ਦੇ ਬਹੁਤੇ ਹਿੰਦੁਸਤਾਨੀ ਆਪਣੇ ਪੇਟ ਦੀ ਭੁੱਖ ਦੇ ਦੁਖੋਂ ਫ਼ੌਜ ਵਿਚ ਭਰਤੀ ਹੋ ਕੇ ਲੜਨ ਤੇ ਮਜਬੂਰ ਹੋ ਗਏ ਸਨ। ਪਹਿਲੋਂ ਤਾਂ ਅੰਗਰੇਜ਼ੀ ਹਿੰਦੁਸਤਾਨੀ ਫ਼ੌਜ ਦੇ ਜਵਾਨਾਂ ਨੂੰ ਕੁਝ ਪਤਾ ਨਹੀਂ ਸੀ ਕਿ ਉਹ ਹਿੰਦੀਆਂ ਨਾਲ ਲੜ ਰਹੇ ਹਨ ਜਾਂ ਜਾਪਾਨੀਆਂ ਨਾਲ। ਪਰ ਅੰਗਰੇਜ਼ ਇਹ ਭੇਦ ਬਹੁਤ ਦੇਰ ਤਕ ਹਿੰਦੁਸਤਾਨੀ ਨੌਜਵਾਨਾਂ ਤੋਂ ਨਾ ਛੁਪਾ ਸਕੇ। ਨੌਜਵਾਨਾਂ ਨੂੰ ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਬਰਮਾ ਪੁਜਣ ਤੇ ਆਜ਼ਾਦ ਹਿੰਦ ਫ਼ੌਜ ਦੇ ਮਨੀਪੁਰ ਵਿਚ ਅੰਗਰੇਜ਼ੀ ਫ਼ੌਜ ਦੇ ਮੁਕਾਬਲੇ ਵਿਚ ਆ ਜਾਣ ਬਾਰੇ ਪਤਾ ਲੱਗ ਚੁਕਾ ਸੀ। ਅੰਗਰੇਜ਼ੀ ਫ਼ੌਜ ਦੇ ਹਿੰਦੁਸਤਾਨੀ ਲੁਕ ਛਿਪ ਕੇ ਆਪਸ ਵਿਚ ਆਜ਼ਾਦ ਹਿੰਦ ਫ਼ੌਜ ਬਾਰੇ ਗੱਲਾਂ ਕਰਦੇ ਸਨ। ਜਦ ਉਨ੍ਹਾਂ ਨੂੰ ਇਹ ਪਤਾ ਲੱਗਾ ਕਿ ਉਨ੍ਹਾਂ ਦੀਆਂ ਆਪਣੀਆਂ ਹੀ ਫ਼ੌਜਾਂ, ਜੋ ਜਾਪਾਨੀ ਹਮਲੇ ਸਮੇਂ ਹਾਂਗਕਾਂਗ, ਮਲਾਯਾ ਤੇ ਬਰਮਾ ਵਿਚ ਰਹਿ ਗਈਆਂ ਸਨ, ਨੇਤਾ ਜੀ ਦੀ ਅਗਵਾਈ ਵਿਚ ਉਨ੍ਹਾਂ ਦੇ ਮੁਕਾਬਲੇ ਆ ਡਟੀਆਂ ਹਨ ਤਾਂ ਉਨ੍ਹਾਂ ਦੇ ਮਨਾਂ ਵਿਚ ਵੀ ਖੁਤਖੁਤੀ ਪੈਦਾ ਹੋਈ। ਉਨ੍ਹਾਂ ਦੀਆਂ ਸੁੱਤੀਆਂ ਰੂਹਾਂ ਜਾਗ ਉਠੀਆਂ। ਦੇਸ਼-ਪਿਆਰ ਨੇ ਉਨ੍ਹਾਂ ਦੇ ਮਨਾਂ ਵਿਚ ਉਛਾਲਾ ਮਾਰਿਆ। ਉਨ੍ਹਾਂ ਵਿਚੋਂ ਕਈ ਆਜ਼ਾਦ ਫ਼ੌਜੀਆਂ ਨੂੰ ਮਿਲਣ ਲਈ ਉਤਾਵਲੇ ਹੋ ਉਠੇ। ਕਈਆਂ ਦੇ ਮਨਾਂ ਵਿਚ ਆਪਣੇ ਉਨ੍ਹਾਂ ਮਿੱਤਰਾਂ ਤੇ ਰਿਸ਼ਤੇਦਾਰਾਂ ਦੀਆਂ ਯਾਦਾਂ ਤਾਜ਼ਾ ਹੋ ਆਈਆਂ, ਜੋ ਆਜ਼ਾਦ ਹਿੰਦ ਫ਼ੌਜ ਦੇ ਰੂਪ ਵਿਚ ਦੇਸ਼ ਦੀ ਗ਼ੁਲਾਮੀ ਨੂੰ ਕੱਟਣ ਲਈ ਉਨ੍ਹਾਂ ਦੇ ਸਾਹਮਣੇ ਆ ਡਟੇ ਸਨ। ਉਹ ਆਪਣੇ ਵਿਛੜੇ ਮਿੱਤਰਾਂ ਨੂੰ ਮਿਲ ਕੇ ਆਜ਼ਾਦ ਫ਼ੌਜ ਬਾਰੇ ਸਭ ਕੁਝ ਜਾਣਨਾ ਚਾਹੁੰਦੇ ਸਨ।

ਤਾਮੂ*, ਮੋਰੇ† ਤੇ ਪੂਰਨਾਖੇਲ ਦੇ ਦਰਮਿਆਨ ਕੋਈ ਬਸਤੀ ਨਹੀਂ ਸੀ ਜੋ ਅੰਗਰੇਜ਼ਾਂ ਨੇ ਨੱਸਣ ਵੇਲੇ ਸਾੜ ਫੂਕ ਨਾ ਦਿੱਤੀ ਹੋਵੇ। ਇਨ੍ਹਾਂ ਬਸਤੀਆਂ ਦੇ ਲੋਕ ਜਾਨਾਂ ਬਚਾ ਕੇ ਸੜਕ ਤੇ ਹੋਰ ਛੋਟੇ ਰਾਹਾਂ ਤੋਂ ਦੂਰ ਜੰਗਲਾਂ ਨੂੰ ਚਲੇ ਗਏ ਸਨ। ਜਦ ਉਨ੍ਹਾਂ ਨੂੰ ਆਜ਼ਾਦ ਫ਼ੌਜ ਦੇ ਪੁਜ ਜਾਣ ਬਾਰੇ ਪਤਾ ਲੱਗਾ ਤਾਂ ਉਨ੍ਹਾਂ ਦੀਆਂ ਸੁੱਤੀਆਂ ਰੂਹਾਂ ਨੇ ਵੀ ਅੰਗੜਾਈਆਂ ਲਈਆਂ। ਅੰਗਰੇਜ਼ੀ ਫ਼ੌਜਾਂ ਦੇ ਨੱਸਣ ਸਮੇਂ ਬਹੁਤ ਸਾਰੇ ਹਥਿਆਰ ਉਨ੍ਹਾਂ ਦੇ ਹੱਥ ਲੱਗੇ ਸਨ। ਉਹ ਆਪੋ-ਆਪਣੇ ਹਥਿਆਰ ਲੈ ਕੇ ਆਪੇ ਹੀ ਆਜ਼ਾਦ ਫ਼ੌਜ ਨੂੰ ਰਾਹ ਦੱਸਣ ਦਾ ਕੰਮ ਕਰਨ ਲਗ ਪਏ। ਹੌਲੀ ਹੌਲੀ ਏਥੋਂ ਤਕ ਹੋ ਗਿਆ ਕਿ ਪਹਾੜਾਂ ਤੇ ਜੰਗਲਾਂ ਵਿਚ ਰਹਿਣ ਵਾਲੇ ਨਾਗਾ ਤੇ ਕੂਕੀ ਲੋਕਾਂ ਦੀਆਂ ਸੁਆਣੀਆਂ ਆਜ਼ਾਦ ਹਿੰਦ ਫ਼ੌਜੀਆਂ ਨੂੰ ਦੁੱਧ ਤੇ ਹੋਰ ਖਾਣ ਪੀਣ ਵਾਲੀਆਂ ਚੀਜ਼ਾਂ ਲਿਆ ਕੇ ਦੇਣ ਲਗ ਪਈਆਂ। ਇਨ੍ਹਾਂ ਲੋਕਾਂ ਦੇ ਬੱਚੇ ਜੰਗਲੀ ਫੁੱਲਾਂ ਦੇ ਹਾਰ ਬਣਾ ਕੇ ਆਜ਼ਾਦ ਫ਼ੌਜੀਆਂ ਦੇ ਗਲਾਂ ਵਿਚ ਆ ਪਾਉਂਦੇ ਸਨ। ਇਕ ਦਿਨ ਨਾਗਾ ਕੌਮ ਦੀ ਇਕ ਨੌਜਵਾਨ ਲੜਕੀ ਮੋਢੇ ਤੇ ਰਫ਼ਲ ਰੱਖ ਕੇ ਆਜ਼ਾਦ ਫ਼ੌਜੀਆਂ ਨੂੰ ਆ ਮਿਲੀ। ਉਸ ਨੇ ਅੰਗਰੇਜ਼ੀ ਫ਼ੌਜ ਨਾਲ ਸੰਬੰਧ ਰੱਖਣ ਵਾਲੇ ਕਈ ਭੇਤ ਆਜ਼ਾਦ ਫ਼ੌਜੀਆਂ ਨੂੰ ਦੱਸੇ। ਅੰਗਰੇਜ਼ੀ ਫ਼ੌਜ ਦੇ ਨੱਸਣ ਸਮੇਂ ਜੋ ਕਾਗ਼ਜ਼-ਪੱਤਰ ਉਹ ਪਿੱਛੇ ਛੱਡ ਗਏ ਸਨ ਉਹ ਵੀ ਇਕੱਠੇ ਕਰ ਲਿਆਈ ਸੀ। ਉਨ੍ਹਾਂ ਵਿਚ ਕਈ ਕੰਮ ਆਉਣ ਵਾਲੇ ਨਕਸ਼ੇ ਸਨ। ਇਨ੍ਹਾਂ ਹੀ ਕਾਗ਼ਜ਼ਾਂ ਵਿਚੋਂ ਪੰਜਾਬੀ ਦੀ ਅਖ਼ਬਾਰ 'ਖ਼ਾਲਸਾ ਸਮਾਚਾਰ' ਵੀ ਸੀ ਜਿਸ ਵਿਚ ਸਰਦਾਰ ਕਿਰਪਾਲ ਸਿੰਘ ਮਜੀਠੀਏ ਦੇ ਅਕਾਲ ਚਲਾਣਾ ਕਰ ਜਾਣ ਤੇ ਅਖੰਡਪਾਠ ਦਾ ਭੋਗ ਪਾਉਣ ਦੀ ਖ਼ਬਰ ਛਪੀ ਸੀ। ਆਜ਼ਾਦ ਫ਼ੌਜੀ ਆਪਣੇ ਦੇਸ਼ ਵਿਚ ਛਪਿਆ ਅਖ਼ਬਾਰ ਪੜ੍ਹਨ ਲਈ ਤੜਪ ਉਠੇ ਸਨ। ਇਹ ਅਖ਼ਬਾਰ ਭਾਵੇਂ ਨਿਰੋਲ ਧਾਰਮਕ ਸੀ ਤੇ ਇਸ ਪਰਚੇ ਵਿਚ ਕੋਈ ਰਾਜਸੀ ਖ਼ਬਰ ਨਹੀਂ ਸੀ, ਤਾਂ ਵੀ ਹਜ਼ਾਰਾਂ ਆਜ਼ਾਦ ਫ਼ੌਜੀਆਂ ਨੇ ਇਹ ਪਰਚਾ ਪੜ੍ਹਿਆ ਤੇ ਸੁਣਿਆ। ਇਹ ਨਾਗਾ ਮੁਟਿਆਰ ਆਪਣਾ ਨਾਂ ਨਗੀਨਾ ਦੱਸਦੀ ਸੀ। ਇਸ ਮੁਟਿਆਰ ਦਾ ਚੌੜਾ ਮੱਥਾ, ਵੱਡਾ ਸਿਰ, ਮੋਟੀਆਂ ਮੋਟੀਆਂ ਅੱਖਾਂ, ਚੌੜੀ ਛਾਤੀ, ਭਰਵਾਂ ਤੇ ਰਿਸ਼ਟ-ਪੁਸ਼ਟ ਸਰੀਰ ਵੇਖ, ਹਰ ਇਕ ਆਦਮੀ ਝਟਪਟ ਨਹੀਂ ਸੀ ਕਹਿ ਸਕਦਾ ਕਿ ਇਹ ਔਰਤ ਹੈ ਜਾਂ ਮਰਦ। ਇਕ ਦਿਨ ਉਹ ਫ਼ੌਜੀ ਯੂਨੀਫਾਰਮ ਪਾ ਕੇ ਆ

---

*ਬਰਮਾ †(ਰਿਆਸਤ ਮਨੀਪੁਰ) ਹਿੰਦੁਸਤਾਨ।

ਗਈ ਤਾਂ ਝਟ ਪਟ ਕੋਈ ਵੀ ਨਾ ਪਛਾਣ ਸਕਿਆ ਕਿ ਉਹ ਨਗੀਨਾ ਹੈ। ਉਹ ਇਸ ਫ਼ੌਜੀ ਯੂਨੀਫਾਰਮ ਨੂੰ ਬਹੁਤ ਪਸੰਦ ਕਰਦੀ ਸੀ। ਇਕ ਦਿਨ ਉਹ ਆਪਣੇ ਨੌਜਵਾਨ ਭਰਾ ਨੂੰ ਵੀ ਯੂਨੀਫਾਰਮ ਪੁਆ ਕੇ ਨਾਲ ਲੈ ਆਈ। ਕਈ ਆਜ਼ਾਦ ਫ਼ੌਜੀਆਂ ਨੂੰ ਭੁਲੇਖਾ ਲੱਗਾ ਤੇ ਉਨ੍ਹਾਂ ਨੇ ਉਸ ਦੇ ਭਰਾ ਨੂੰ ਵੀ ਕੁੜੀ ਹੀ ਸਮਝਿਆ। ਇਹ ਮੁਟਿਆਰ ਆਪਣੇ ਛੋਟੇ ਭਰਾ ਨੂੰ ਬੁਲਾਉਣ ਸਮੇਂ 'ਨਾਗ' ਜਾਂ 'ਨਾਗਾ' ਕਹਿ ਕੇ ਪੁਕਾਰਦੀ ਸੀ। ਨਾਗਾ ਕਈ ਵਾਰੀ ਆਪਣੀ ਭੈਣ ਨੂੰ ਬੁਲਾਉਣ ਸਮੇਂ 'ਨਗੀਨਾ' ਤੇ ਕਈ ਵਾਰੀ 'ਨਾਗਨ' ਕਹਿ ਕੇ ਪੁਕਾਰਦਾ ਸੀ।

ਉਹ ਸਚਮੁੱਚ ਨਾਗਨ ਸੀ। ਜਦ ਉਹ ਮੋਢੇ ਉਤੇ ਰਫ਼ਲ ਰੱਖ ਕੇ ਆਜ਼ਾਦ ਫ਼ੌਜੀਆਂ ਨੂੰ ਰਸਤਾ ਦੱਸਣ ਲਈ ਤੁਰਦੀ ਸੀ ਤਾਂ ਉਹ ਸੱਚੀ ਮੁੱਚੀ ਨਾਗਨ ਵਾਂਗੂ ਹੀ ਫੁੰਕਾਰੇ ਮਾਰਦੀ ਸੀ। ਕੀ ਸਿਪਾਹੀ ਤੇ ਕੀ ਅਫ਼ਸਰ ਸਭ ਉਸ ਦਾ ਸਤਿਕਾਰ ਕਰਦੇ ਸਨ। ਉਸ ਦੇ ਪਿੰਡ ਦੇ ਲੋਕ ਵੀ ਉਸ ਦੀ ਦਲੇਰੀ ਵੇਖ ਕੇ ਉਸ ਨੂੰ ਆਪਣਾ ਆਗੂ ਮੰਨਣ ਲੱਗ ਪਏ ਸਨ।

ਉਹ ਆਜ਼ਾਦ ਫ਼ੌਜੀ ਸੂਹੀਆਂ ਨੂੰ ਨਾਲ ਲੈ ਕੇ ਵੀਹ ਵੀਹ ਮੀਲ ਅੱਗੇ ਨਿਕਲ ਜਾਂਦੀ ਸੀ। ਅੰਗਰੇਜ਼ੀ ਹਿੰਦੁਸਤਾਨੀ ਪਲਟਨਾਂ ਦੇ ਨੰਬਰ ਤੇ ਉਨ੍ਹਾਂ ਦੇ ਹਿੰਦੁਸਤਾਨੀ ਅਫ਼ਸਰਾਂ ਦੇ ਨਾਂ ਪਤੇ ਉਹ ਲੈ ਆਉਂਦੇ ਸਨ। ਤੇ ਦੂਜੇ ਦਿਨ ਉਨ੍ਹਾਂ ਦੇ ਨਾਵਾਂ ਤੇ ਜ਼ਾਤੀ ਅਪੀਲਾਂ ਛਾਪ ਕੇ ਨਗੀਨਾ ਤੇ ਨਾਗ ਦੇ ਹਵਾਲੇ ਕਰ ਦਿੱਤੀਆਂ ਜਾਂਦੀਆਂ ਸਨ। ਉਹ ਆਪਣੇ ਚਿੱਟਿਆਂ ਕੱਪੜਿਆਂ ਵਿਚ ਹਿੰਦੁਸਤਾਨੀ ਫ਼ੌਜੀਆਂ ਦੇ ਕੈਂਪਾਂ ਦੇ ਆਲੇ-ਦੁਆਲੇ ਸੁੱਟ ਆਉਂਦੇ ਸਨ।

ਇਕ ਦਿਨ ਗਿਆਨ ਬਾਬੂ ਨੇ ਸੰਗਤ ਨੂੰ ਸੱਦ ਕੇ ਕਿਹਾ ਕਿ ਉਹ ਆਪਣੇ ਚਾਚੇ ਕਪਤਾਨ ਨੂੰ ਚਿੱਠੀ ਲਿਖੇ। ਸੰਗਤ ਨੇ ਆਪਣੇ ਚਾਚੇ ਨੂੰ ਕਦੇ ਨਹੀਂ ਸੀ ਵੇਖਿਆ, ਕਿਉਂਕਿ ਉਹ ਮਲਾਯਾ ਵਿਚ ਹੀ ਜੰਮਿਆ ਪਲਿਆ ਸੀ। ਉਸ ਦਾ ਚਾਚਾ ਮਲਾਯਾ ਕਦੇ ਨਹੀਂ ਸੀ ਗਿਆ। ਪਰ ਸੰਗਤ ਤੇ ਉਸ ਦਾ ਚਾਚਾ ਇਕ ਦੂਜੇ ਨੂੰ ਨਾਵਾਂ ਤੇ ਫ਼ੋਟੋ ਤੋਂ ਜਾਣਦੇ ਸਨ। ਸੰਗਤ ਨੇ ਹਿੰਦੁਸਤਾਨ ਦੀ ਆਜ਼ਾਦੀ ਲਈ ਲੜੀ ਜਾ ਰਹੀ ਲੜਾਈ ਬਾਰੇ ਇਕ ਦਰਦ-ਭਰੀ ਚਿੱਠੀ ਆਪਣੇ ਚਾਚੇ ਨੂੰ ਲਿਖੀ। ਹੌਲਦਾਰ ਹੀਰਾ ਲਾਲ ਤੇ ਨਗੀਨਾ ਇਮਫਾਲ ਪੁੱਜ ਕੇ ਸੰਗਤ ਦੇ ਚਾਚੇ ਨੂੰ ਮਿਲਣ ਵਿਚ ਸਫਲ ਹੋ ਗਏ। ਸੰਗਤ ਦਾ ਚਾਚਾ ਚਿੱਠੀ ਪੜ੍ਹ ਕੇ ਪਹਿਲੋਂ ਤਾਂ ਬਹੁਤ ਹੈਰਾਨ ਹੋਇਆ ਤੇ ਉਸ ਨੂੰ ਸਮਝ ਨਾ ਆਈ ਕਿ ਸੰਗਤ ਲੈਫਟੀਨੈਂਟ ਕਿਵੇਂ ਹੋ ਗਿਆ ਤੇ ਬਰਮਾ ਵਿਚੋਂ ਲੰਘ ਕੇ ਮਨੀਪੁਰ ਰਿਆਸਤ ਵਿਚ ਕਿਵੇਂ ਪੁੱਜ ਗਿਆ। ਪਰ ਜਦ ਉਸ ਨੇ ਚਿੱਠੀ ਕਈ ਵਾਰੀ ਪੜ੍ਹੀ ਤੇ ਵਿਚਾਰੀ ਤਾਂ ਉਹ ਸੰਗਤ ਅਤੇ ਆਜ਼ਾਦ ਫ਼ੌਜ ਦੇ ਅਫ਼ਸਰਾਂ ਨੂੰ ਮਿਲਣ ਲਈ ਉਤਾਵਲਾ ਹੋ ਉਠਿਆ। ਉਸ ਨੇ ਆਪਣੇ ਭਰੋਸੇ-ਯੋਗ ਕੁਝ ਅਫ਼ਸਰ ਦੋਸਤਾਂ ਨਾਲ ਗੱਲ ਕੀਤੀ। ਉਸ ਨੂੰ ਹਰ ਇਕ ਅਫ਼ਸਰ ਆਜ਼ਾਦ ਫ਼ੌਜ ਬਾਰੇ ਸਭ ਕੁਝ ਜਾਣਨ ਲਈ ਉਤਾਵਲਾ ਦਿੱਸਿਆ।

ਕੁਝ ਦਿਨਾਂ ਮਗਰੋਂ ਸੰਗਤ ਦੇ ਚਾਚੇ ਨੇ ਹੀਰਾ ਲਾਲ ਨੂੰ ਇਮਫਾਲ ਦੇ ਵੱਡੇ ਬਜ਼ਾਰ ਦੇ ਮੰਦਰ ਦੇ ਦਰਵਾਜ਼ੇ ਵਿਚ ਖਲੋਤਾ ਵੇਖਿਆ। ਕਪਤਾਨ ਹੀਰਾ ਲਾਲ ਦੇ ਪਾਸ ਆ ਖਲੋਤਾ। ਹੀਰਾ ਲਾਲ ਨੇ ਕਪਤਾਨ ਦੇ ਹੱਥ ਵਿਚ ਦੂਜਾ ਬੰਦ ਲਫ਼ਾਫ਼ਾ ਦੇਂਦਿਆ ਕਿਹਾ, "ਇਸ ਤੋਂ ਬਾਦ ਮੈਂ ਆਪ ਨੂੰ ਮਿਲਣ ਨਹੀਂ ਆ ਸਕਾਂਗਾ।" ਕਪਤਾਨ ਦੇ ਮੂੰਹੋਂ ਕੋਈ ਗੱਲ ਨਾ ਨਿਕਲੀ। ਹੀਰਾ ਲਾਲ ਪਿਛਲੇ ਪੈਰੀਂ ਮੁੜ ਕੇ ਮੰਦਰ ਦੇ ਅੰਦਰ ਜਾ ਵੜਿਆ।

ਕਪਤਾਨ ਨੇ ਆਪਣੇ ਡੇਰੇ ਪੁੱਜ ਕੇ ਬੜੀ ਕਾਹਲੀ ਨਾਲ ਲਫ਼ਾਫ਼ਾ ਖੋਲ੍ਹਿਆ ਤੇ ਪੜ੍ਹਨਾ ਸ਼ੁਰੂ ਕੀਤਾ, "ਇਹ ਠੀਕ ਹੈ ਕਿ ਮਹਾਤਮਾ ਗਾਂਧੀ ਜੀ ਨੇ ਕੌਮ ਵਿਚ ਜਾਗਰਤ ਪੈਦਾ ਕਰ ਦਿੱਤੀ ਹੈ, ਪਰ ਨਿਰੀ ਇਹ ਜਾਗਰਤ ਹੀ ਕਾਫ਼ੀ ਨਹੀਂ। ਸਾਰਾ ਹਿੰਦੁਸਤਾਨ ਸਮੁੱਚੇ ਤੌਰ ਤੇ ਬਿਦੇਸ਼ੀ ਹੁਕਮਰਾਨਾਂ ਦੇ ਉਲਟ ਹੈ, ਪਰ ਇਹ ਸਭ ਕੁਝ ਹੁੰਦਿਆਂ ਬਿਦੇਸ਼ੀ ਹੁਕਮਰਾਨ ਹਿੰਦੁਸਤਾਨ ਛੱਡਣ ਨੂੰ ਉੱਕਾ ਤਿਆਰ ਨਹੀਂ। ਬਿਦੇਸ਼ੀ ਹੁਕਮਰਾਨਾਂ ਦੇ ਪੈਰ ਉਖਾੜਨ ਵਾਸਤੇ ਅਹਿੰਸਕ ਪ੍ਰੋਗਰਾਮ ਕਾਫ਼ੀ ਨਹੀਂ। ਬਿਦੇਸ਼ੀ ਹੁਕਮਰਾਨਾਂ ਦੀ ਹਿੰਸਾ ਨੇ ਦੇਸੀ ਆਗੂਆਂ ਦੀ ਅਹਿੰਸਕ ਪਾਲਿਸੀ ਨੂੰ ਬੁਰੀ ਤਰ੍ਹਾਂ ਦਬੋਚਿਆ ਹੋਇਆ ਹੈ। ਸ੍ਰੀ ਮਤੀ ਕਸਤੂਰਾ ਬਾਈ ਅੰਗਰੇਜ਼ਾਂ ਦੀ ਕੈਦ ਵਿਚ ਹੀ ਦਮ ਤੋੜ ਗਏ ਹਨ। ਬਾਕੀ ਆਗੂ ਬਿਦੇਸ਼ੀ ਹੁਕਮਰਾਨਾਂ ਦੀਆਂ ਜਿਹਲਾਂ ਵਿਚ ਸੜ ਰਹੇ ਹਨ। ਨਤੀਜਾ ਕੀ ਨਿਕਲੇਗਾ? ਅੰਗਰੇਜ਼ ਇਕ ਹੋਰ ਗੋਲਮੇਜ਼ ਕਾਨਫਰੰਸ ਬੁਲਾ ਕੇ ਹਿੰਦੁਸਤਾਨ ਦੀ ਆਜ਼ਾਦੀ ਦੇ ਫ਼ੌਰੀ ਮਸਲੇ ਨੂੰ ਹੋਰ ਲਮਕਾ

(ਸਫਾ 29 ਤੋਂ ਅੱਗੇ)

ਹੁਆਂਗ—ਕਲ੍ਹ ਕੁਝ ਬੰਦੇ ਲੈ ਜਾਈਂ ਨਾਲ
ਮਤੇ ਬੁਢਾ ਸੰਗ ਕੁੜੀ ਨੂੰ ਲੈ ਕੇ
ਸਾਨੂੰ ਨਾ ਹੋਏ ਡਾਹੀ-ਦਵਾਲ।
ਮੁ—ਉਸਦੀ ਨਹੀਂ ਮਜਾਲ।
ਹੁਆਂਗ—ਮੁਨਸ਼ੀ ਜੀ, ਇਕ ਗਲ ਹੈ ਹੋਰ
ਬੜੀ ਸਮੇਂ ਦੀ ਭੈੜੀ ਤੋਰ।
ਕਿਸੇ ਨਾਲ ਨਹੀਂ ਕਰਨੀ ਗੱਲ।
ਤੇ ਜਦ ਉਸਨੂੰ ਲਿਆਉਣਾ ਕਲ੍ਹ।
ਕਹਿਣਾ ਸੀਏਰ ਮਾਂ ਵੱਲ ਆਈ
ਨਵੇਂ ਸਾਲ ਦੀ ਦੇਣ ਵਧਾਈ।
ਮੂ—ਵਾਹ ਵਾਹ ਸੁਹਣੀ ਬਣਤ ਬਣਾਈ।
(ਚਲਾ ਜਾਂਦਾ ਹੈ)
ਹੁਆਂਗ—ਹੋਣਾ ਧਨੀ ਹੈ ਮੁਸ਼ਕਲ ਭਾਈ
ਮਾੜੇ ਦੇ ਮਰਨ ਬਗ਼ੈਰ।
ਤੋੜਿਆ ਹੈ ਯਾਂਗ ਦਾ ਮੈਂ ਦਿਲ
ਮਿਲੀ ਏ ਤਾਂ ਸੀਏਰ ਦੀ ਖੈਰ।
ਯਾਂਗ—(ਰੋਂਦਾ ਹੋਇਆ ਅਪਣੇ ਘਰ ਵੱਲ ਜਾ ਰਿਹਾ ਹੈ)
ਰੱਬ ਦੀ ਕਰੋਪੀ,
ਹਾਏ, ਰੱਬ ਦੀ ਕਰੋਪੀ।
ਕਰੋਪੀ ਇਹ ਜਗੀਰਦਾਰ ਦੀ
ਲਾ ਕੇ ਅੰਗੂਠਾ ਮੈਂ,
ਲਾ ਕੇ ਅੰਗੂਠਾ ਹਾਏ
ਵੇਚ ਆਇਆ ਅਪਣੀ ਹੀ ਧੀ।
ਬੈਠੀ ਤੂੰ ਉਡੀਕ ਵਿਚ
ਬੱਚੀਏ ਨੀ ਮੰਗੀਏ
ਸੋਚ ਰਹੀ ਹੋਵੇਂਗੀ ਤੂੰ ਕੀ?
'ਨਵੇ ਸਾਲ ਦੀ ਖ਼ੁਸ਼ੀ!'
ਤੇਰੇ ਸਾਹਮਣੇ ਮੈਂ ਆਵਾਂ
ਕਿਹੜਾ ਮੂੰਹ ਲੈ ਕੇ ਹਾਏ,
ਮੇਰਾ ਬੈਠ ਰਿਹਾ ਜੀਅ।

—ਪੰਜਾਬੀ ਰੂਪ : ਹੇਮੰਤ ਸੋਢੀ ੦

 ਦੇਣਗੇ। ਅੰਗਰੇਜ਼ ਤਾਂ ਕੇਵਲ ਤਲਵਾਰ ਤੇ ਗੋਲੀ ਦੀ ਆਵਾਜ਼ ਸਮਝ ਸਕਦਾ ਹੈ।

"ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਹਿੰਦ ਵਿਚੋਂ ਗ਼ਾਇਬ ਹੋ ਕੇ ਜਰਮਨੀ ਤੇ ਜਾਪਾਨ ਰਾਹੀਂ ਬਰਮਾ ਵਿਚ ਪੁਜ ਜਾਣ ਦੀ ਕਹਾਣੀ ਦੁਹਰਾਣ ਦੀ ਲੋੜ ਨਹੀਂ ਜਾਪਦੀ। ਅੰਗਰੇਜ਼ਾਂ ਵਲੋਂ ਹਿੰਦੁਸਤਾਨੀ ਫ਼ੌਜੀਆਂ ਵਿਚ ਪਾਈਆਂ ਸ਼ੰਕਾਵਾਂ ਨੂੰ ਦੂਰ ਕਰਨ ਲਈ ਕੇਵਲ ਇਕ ਦਲੀਲ ਹੀ ਕਾਫ਼ੀ ਹੈ ਤੇ ਉਹ ਇਹ ਹੈ ਕਿ ਸਾਡੀ ਆਜ਼ਾਦ ਹਿੰਦ ਫ਼ੌਜ ਦੀ ਅਗਵਾਈ ਨੇਤਾ ਜੀ ਸੁਭਾਸ਼ ਚੰਦਰ ਬੋਸ ਆਪ ਕਰ ਰਹੇ ਹਨ।

"ਹਿੰਦੁਸਤਾਨ ਦੇ ਪੁਰਾਣੇ ਇਨਕਲਾਬੀ ਸ੍ਰੀ ਰਾਸ ਬਿਹਾਰੀ ਬੋਸ ਸਿੰਘਾਪੁਰ ਵਿਚ ਆਪਣੀਆਂ ਜ਼ਿੰਮੇਂਵਾਰੀਆਂ ਨਿਭਾ ਰਹੇ ਹਨ। ਦੇਸ਼-ਭਗਤ ਬਾਬੂ ਅਮਰ ਸਿੰਘ ਜੀ, ਜਿਨ੍ਹਾਂ ਨੂੰ ਯੂਰਪ ਦੀ ਪਹਿਲੀ ਲੜਾਈ ਵਿਚ ਉਮਰ ਕੈਦ ਹੋਈ ਸੀ, ਅੱਜ ਬਰਮਾ ਵਿਚ ਫਿਰ ਹਿੰਦੁਸਤਾਨੀਆਂ ਨੂੰ ਸੰਘੱਠਤ ਕਰਨ ਵਿਚ ਰੁਝੇ ਹੋਏ ਹਨ। ਦੇਸ਼-ਭਗਤ ਬਾਬਾ ਉਸਮਾਨ ਖ਼ਾਨ ਦੀ ਜੀਵਨ-ਕਥਾ ਸੁਣ ਕੇ ਤੁਸੀਂ ਹੈਰਾਨ ਹੋ ਜਾਓਗੇ। ਬਾਬਾ ਜੀ ਅੱਜ ਕਲ ਰੰਗੂਨ ਹੈੱਡ ਕੁਆਟਰ ਵਿਚ ਹਨ। ਉਨ੍ਹਾਂ ਦਾ ਵੱਡਾ ਸਾਹਿਬਜ਼ਾਦਾ ਸਾਡੇ ਨਾਲ ਹੈ। ਦੇਸ਼-ਭਗਤ ਬਾਬਾ ਚੰਦਾ ਸਿੰਘ ਨੂੰ ਮਿਲ ਕੇ ਤੁਸੀਂ ਗਦ ਗਦ ਹੋ ਜਾਓਗੇ।

"ਅੱਜ ਹੀ ਸਾਨੂੰ ਆਪਣੇ ਇਕ ਸੂਰਬੀਰ ਮਿੱਤਰ ਦੀ ਸ਼ਹੀਦੀ ਦੀ ਖ਼ਬਰ ਮਿਲੀ ਏ। ਅਸੀਂ ਜਾਣਦੇ ਆਂ ਕਿ ਉਹ ਮੂੰਹ ਕਦੀ ਨਹੀਂ ਖੋਲ੍ਹੇਗਾ ਤੇ ਜਾਨ ਦੀ ਬਾਜ਼ੀ ਖੇਡ ਜਾਏਗਾ। ਉਹ ਬਿਖੜੇ ਅਤੇ ਕਰੜੇ ਰਾਹਾਂ ਉੱਤੇ ਚਲਣ ਦਾ ਆਦੀ ਸੀ। ਉਹ ਡਟ ਕੇ ਫ਼ਰਜ਼ ਨਿਭਾਉਂਦਾ ਰਿਹਾ ਏ। ਤੇ ਜਦ ਉਸ ਨੂੰ ਫੜ ਕੇ ਲਾਲ ਕਿਲ੍ਹੇ ਵਿਚ ਬੰਦ ਕਰਕੇ ਹਜ਼ਾਰਾਂ ਤਸੀਹੇ ਦਿਤੇ ਗਏ ਤਾਂ ਵੀ ਉਸ ਨੇ ਮੂੰਹ ਨਹੀਂ ਖੋਲ੍ਹਿਆ। ਉਸ ਨੂੰ ਪੁੱਠਾ ਲਟਕਾ ਕੇ ਤੇ ਕੁਟ ਕੁਟ ਕੇ ਮਾਰ ਦਿੱਤਾ ਗਿਆ।"

"ਤੁਹਾਡੇ ਹਿੰਦੁਸਤਾਨ ਵਿਚ, ਤੁਹਾਡੀ ਰਾਜਧਾਨੀ ਦੇ ਲਾਲ ਕਿਲ੍ਹੇ ਦੀਆਂ ਉੱਚੀਆਂ ਦੀਵਾਰਾਂ ਪਿੱਛੇ ਬਹਾਦਰ ਸ਼ਹੀਦੀਆਂ ਪਾ ਰਹੇ ਨੇ। ਸਾਡਾ ਸੂਰਬੀਰ ਮਿੱਤਰ ਭਾਈ ਮਹਿੰਦਰ ਸਿੰਘ ਸ਼ਹੀਦ ਕਰ ਦਿੱਤਾ ਗਿਆ ਏ। ਅੱਜ ਸਾਡਾ ਨਾਹਰਾ ਏ, 'ਖ਼ੂਨ ਦਾ ਬਦਲਾ ਖ਼ੂਨ'।"

ਚਿੱਠੀ ਲਿਖਣ ਵਾਲੇ ਦਾ ਨਾਂ "ਗਿਆਨ" ਪੜ੍ਹ ਕੇ ਕਪਤਾਨ ਨੂੰ ਕੋਈ ਹੈਰਾਨੀ ਨਹੀਂ ਸੀ ਹੋਈ। ਹੀਰਾ ਲਾਲ ਨਾਲ ਪਹਿਲੀ ਮੁਲਾਕਾਤ ਵਿਚ ਉਸ ਨੇ ਕਾਫ਼ੀ ਗੱਲਾਂ ਕੀਤੀਆਂ ਸਨ।

ਦਲੇਰ ਤੋਂ ਦਲੇਰ ਤੇ ਬਹਾਦਰ ਤੋਂ ਬਹਾਦਰ ਆਦਮੀ ਕੋਈ ਨਵਾਂ ਕਦਮ ਚੁਕਣ ਵੇਲੇ ਭਵਿੱਖ ਦੇ ਹਨੇਰੇ ਤੇ ਚਾਨਣੇ ਦੋਹਾਂ ਪੱਖਾਂ ਉਤੇ ਵਿਚਾਰ ਕਰਦਾ ਹੈ। ਸੰਗਤ ਦੇ ਚਾਚੇ ਨੂੰ ਨਵਾਂ ਰਾਹ ਬੜਾ ਖ਼ਤਰਨਾਕ ਜਾਪਿਆ। ਉਹ ਸੋਚ-ਸਮੁੰਦਰ ਵਿਚ ਗੋਤੇ ਖਾ ਰਿਹਾ ਸੀ। ਇਸੇ ਉਧੇੜ-ਬੁਣ ਵਿਚ ਉਸ ਦੀ ਅੱਖ ਲੱਗ ਗਈ।

---

( ਸਫ਼ਾ 36 ਤੋਂ ਅੱਗੇ )

ਬੈਠਾ ਇਕ ਕਲਰਕ ਉਸ ਵਲ ਮਜ਼ਾਕ ਵਜੋਂ ਹੱਸਿਆ। ਪਰ ਇਹ ਵੀ ਉਸ ਨੂੰ ਚੰਗਾ ਲੱਗਾ। ਉਹ ਪੱਕੇ ਪੈਰੀਂ ਹੋ ਕੇ ਗੇਟ-ਕੀਪਰ ਵੱਲ ਤੁਰ ਪਿਆ। ਉਸ ਨੂੰ ਯਕੀਨ ਸੀ ਕਿ ਗੇਟ-ਕੀਪਰ ਜ਼ਰੂਰ ਹੀ ਉਸ ਨੂੰ ਹੇਠਾਂ ਬੈਠ ਜਾਣ ਲਈ ਮੰਨ ਜਾਵੇਗਾ।

---

ਇਕਬਾਲ ਰਾਮੂਵਾਲੀਆ

## ਤਪ ਲਵੇ ਬਲ

ਤਪ ਲਵੇ ਬਲ
ਰੀਝ ਲਾ ਕੇ ਤਪ ਲਵੇ
ਤੁਰਨ ਵਾਲੇ
ਨੇਤਰਾਂ ਦੇ ਭਾਰ ਹੋ ਕੇ ਤੁਰਨਗੇ !

ਆਪਣੇ ਹੀ ਖ਼ੂਨ 'ਚੋਂ
ਦਰਿਆ ਫਰੋਲਾਂਗੇ
ਥਲਾਂ ਉੱਤੇ ਵਿਛਾਵਾਂਗੇ,
ਹਰ ਤਰ੍ਹਾਂ ਅੱਗ ਤਰ ਲਵਾਂਗੇ !

ਬਹੁਤ ਚਿਰ ਨੰਗੇਜ ਦਾ
ਕਰਦੇ ਰਹੇ
ਮੇਲੇ 'ਚ ਪ੍ਰਦਰਸ਼ਨ !

ਗਲਾਂ ਵਿਚ ਪਹਿਨ ਕੇ ਪਾਟੇ ਸੜੇ ਤਰਲੇ
ਬਹੁਤ ਚੱਬਿਆ ਸਬਰ ਦਾ ਲੋਹਾ !

ਅਹੁਕਿਆਂ ਗਲਾਂ 'ਚੋਂ ਨਿਕਲੇ
ਵਿਚਾਰੇ ਬਿਰਧ ਨਾਅਰੇ
ਭੀੜ ਦੇ ਪੈਰਾਂ 'ਚ
ਕਿਧਰੇ ਰੁਲ ਗਏ ਨੇ !

ਪੋਸਟਰ ਤੇ ਡੋਲ੍ਹ ਦਿਤੀ ਹੈ
ਕਿਸੇ ਨੇ ਪਾਨ ਦੀ ਕੁਰਲੀ !

ਰੋਜ਼ ਹੀ ਅਖ਼ਬਾਰ ਉੱਤੇ
ਮਸ਼ਕਰੀ ਹੁੰਦੀ ਕਿਸੇ ਹੜਤਾਲ ਨੂੰ
ਬਣੇ ਮੌਜੂ ਮੁਜ਼ਾਰ੍ਹੇ ਦਾ,
ਕਦ ਕੁ ਤੱਕ ਅਪਮਾਨ ਏਦਾਂ ਜਰ ਲਵਾਂਗੇ ?

# Young men and women:

## You'll need insurance someday... so start now when it costs less.



And the younger you start the lower the rates. A Metropolitan Modified Premium Life Policy can be started at anytime through your age 25 when initial rates are surprisingly low.

This means a lot to someone still in school, just beginning to earn a living, or a young married. The lower starting rates enable you to buy more insurance than you might expect, earlier in life, and begin building an estate you'll be proud of, and grateful for, in later years.

Call or write me today for full details about Metropolitan's Modified Premium Life Policy.

**Amarjit S. Leekha**
Sales Representative
**Leaders Conference**

**Bus.: 687-5871**
**Res.: 521-5355**

**Metropolitan Life**

**Where the future is now**

#1410 - 1333 West Georgia Street
Vancouver, B.C.
V6E 3K5
Office 687-5871

# ਸਸਤੀਆਂ ਟਿਕਟਾਂ ਖਰੀਦੋ



ਦੁਨੀਆਂ ਦੇ ਕਿਸੇ ਵੀ ਕੋਨੇ ਜਾਣ ਲਈ ਜਾਂ ਆਪਣੇ ਰਿਸ਼ਤੇਦਾਰਾਂ ਦੋਸਤਾਂ ਨੂੰ ਮੰਗਵਾਉਣ ਲਈ ਸਾਨੂੰ ਆ ਕੇ ਦਰਸ਼ਨ ਦਿਉ। ਅਸੀਂ ਸਾਰੀਆਂ ਏਅਰ ਲਾਈਨਜ਼ ਦੀਆਂ ਟਿਕਟਾਂ ਵੇਚਦੇ ਹਾਂ ਇਸ ਲਈ ਤੁਹਾਨੂੰ ਸਸਤੀਆਂ ਟਿਕਟਾਂ ਮਿਲ ਸਕਦੀਆਂ ਹਨ। ਪਾਸਪੋਰਟ ਤੇ ਵੀਜ਼ਾ ਲੈਣ ਵਿਚ ਪੂਰੀ ਮਦਦ ਕੀਤੀ ਜਾਂਦੀ ਹੈ।
ਸਾਡੇ ਦਫਤਰ ਦਿਲੀ, ਚੰਡੀਗੜ੍ਹ, ਲੁਧਿਆਣਾ ਅਤੇ ਜਲੰਧਰ ਆਦਿ ਸ਼ਹਿਰਾਂ ਵਿਚ ਤੁਹਾਡੀ ਸੇਵਾ ਲਈ ਹਾਜ਼ਰ ਹਨ।

Notary Public also available!

***Specialists in***

TICKETS ISSUED FOR
**AIRLINES, STEAMSHIPS, TRAINS AND BUSES**

RESERVATIONS MADE FOR
**HOTELS, RESORTS, U-DRIVES AND FREIGHTERS**

ARRANGEMENTS MADE FOR
**INDEPENDENT ESCORTED TOURS AND CRUISES**

OUR SPECIALTY IS
**ARRANGING LOW RATE GROUPS AND CHARTERS**

WE ALSO ARRANGE
**— TRAVEL NOW AND PAY LATER PLANS —**

We arrange passports, visas, citizenship and process immigration papers.



**DARSHAN S MANN**

**No. 119 Kingsgate Mall,**
**370 E. Broadway, Vancouver, B.C.**

**PHONE: 873-4296**

# ਆਪਣੇ ਲੋਕ

ਪਿਛਲੇ ਦੋ ਅੰਕਾਂ ਵਿਚ ਛਪੇ ਲੇਖ "ਆਪਣੇ ਲੋਕ" ਬਾਰੇ ਰਾਵਾਂ

## 1. ਚੋਣ ਜਾਂ ਮਜਬੂਰੀ

– ਗੁਰਚਰਨ ਰਾਮਪੁਰੀ

"ਆਪਣੇ ਲੋਕ" (ਦਸੰਬਰ-ਜਨਵਰੀ) ਵਿਚ ਅਜਮੇਰ ਰੋਡੇ ਨੇ ਆਵਾਸੀਆਂ ਦੇ ਇਕ ਸਰਬਵਿਆਪੀ ਮੁਆਮਲੇ ਨੂੰ ਬੜੇ ਭਾਵਪੂਰਤ ਨਾਟਕੀ ਢੰਗ ਨਾਲ ਉਭਾਰਿਆ ਹੈ। ਅਸਲ ਵਿਚ ਲੁਧਿਆਣਾ ਵਿਚ ਰਹਿਆ 'ਲੋਕਾ' ਸਾਡੇ 'ਚੋਂ ਬਹੁਤ ਵੱਡੀ ਗਿਣਤੀ ਦਾ ਪ੍ਰਤੀਨਿਧ ਹੈ ਜਦੋਂ ਉਹ ਕਹਿੰਦਾ ਹੈ "ਮੁੜ ਤਾਂ ਜਾਈਏ ਜੇਕਰ ਜਿਨ੍ਹਾਂ ਪਰ ਉਸ ਤਰ੍ਹਾਂ ਦੀ ਗੱਲ ਨੀ ਨਾ ਬਣਦੀ। ਕੰਮ ਤਾਂ ਏਥੇ ਜ਼ਰੂਰ ਔਖਾ ਐ ਪਰ ਜਦੋਂ ਰਾਤ ਪਿੱਛੋਂ ਬਿੱਲ ਦੇ ਕੇ ਆਰਾਮ ਨਾਲ ਲੇਟ ਕੇ ਟਿਕ ਜਾਈਦਾ ਐ ਸਾਰੇ ਦੁੱਖ ਭੁੱਲ ਜਾਂਦੇ ਐ। ਪੈਸਾ ਵੀ ਤਾਂ ਬਥੇਰਾ ਰੀਝ ਐ ਨਾ, ਉਥੇ ਤਾਂ ਸਾਰਾ ਦਿਨ ਤੇਲ ਦੇ ਪੈਸੇ ਈ ਜਿਓਂ ਨੀ ਮੁਕਦੇ ਸੀ" ਤਾਂ ਲੋਕਾਂ ਨੇ ਜੋ ਰੱਬ ਰੱਜ ਦੇ ਜਿਓ ਤੇ ਗਏ ਦੇ ਦਿੰਦੀ ਹੈ। ਕੀ ਇਸ ਸੱਚ ਤੋਂ ਕੋਈ ਇਨਕਾਰ ਕਰ ਸਕਦਾ ਹੈ? ਕੀ ਸਾਡੇ 'ਚੋਂ ਹਰ ਇਕ ਨੇ ਇਸ ਆਰਥਕ ਸੌਖ ਲਈ ਹੀ ਏਥੇ ਰਹਿਣ ਦੀ ਚੋਣ ਆਪ ਨਹੀਂ ਕੀਤੀ ਹੋਈ? ਇਸੇ ਆਪਣੀ ਲੋੜ ਤੇ ਸੌਖ ਲਈ ਪੰਜਾਬ ਦੇ ਪਿੰਡ ਦਾ ਗੱਭਰੂ ਕਦੇ ਬਰਮੇ ਦੀ ਲਾਮ ਨੂੰ ਜਾਂਦਾ ਸੀ ਜਾਂ ਹੁਣ ਅਰਬ ਜਾ ਕੇ ਤੇਲ ਪੱਟਦਾ ਹੈ ਜਾਂ ਕਲਕੱਤੇ ਜਾ ਕੇ ਟੈਕਸੀ ਚਲਾਂਦਾ ਹੈ ਜਾਂ ਯੂ:ਪੀ: ਜਾ ਕੇ ਵਾਹੀ ਕਰਦਾ ਹੈ। ਇਵੇਂ ਹੀ ਯੂ:ਪੀ: ਦਾ ਰਹਿਣ ਵਾਲਾ ਪੰਜਾਬ ਆ ਕੇ ਮੁੰਡੂ ਬਣਦਾ ਹੈ। ਇੰਜ, ਸਾਰਿਆਂ ਨੂੰ ਆਪਣੇ ਪਿੰਡ ਜਾਂ ਪ੍ਰਾਂਤ ਤੋਂ ਦੂਰ ਜਾਣ ਦਾ ਝੋਰਾ ਹੈ। ਇਹ ਝੋਰਾ ਤੇ ਵਿਜੋਗ ਬੜਾ ਕੁਦਰਤੀ ਹੈ ਪਰ ਇਸ ਨੂੰ ਐਂ ਬਣਾ ਕੇ ਰਸਮੀ ਤੌਰ ਤੇ ਸ਼ਿਕਾਇਤੀ ਬਣੇ ਰਹਿਣਾ ਬਹੁਤ ਅਜੀਬ ਹੈ। ਭਲਾ ਆਪਣੀ ਚੋਣ ਨੂੰ ਆਪ ਸਵੀਕਾਰ ਕਰਨ ਵਿਚ ਹੈ।

ਆਪਣੀ ਜਨਮਭੂਮੀ ਨਾਲ ਜਜ਼ਬਾਤੀ ਸਾਂਝਾਂ ਹਰ ਇਕ ਦੀਆਂ ਹੁੰਦੀਆਂ ਹਨ, ਪਰ ਪੰਛੀ ਚੋਗਾ ਚੁਗਣ ਲਈ ਕੋਹਾਂ ਦੂਰ ਨਿਕਲ ਜਾਂਦੇ ਹਨ; ਬਹੁਤੀ ਵਾਰੀ ਲੋੜ ਅਨੁਸਾਰ ਆਪਣੇ ਆਲ੍ਹਣੇ ਬਦਲਦੇ ਨਵੇਂ ਰੁੱਖ ਦੀ ਚੋਣ ਵੀ ਕਰ ਲੈਂਦੇ ਹਨ। ਜ਼ਿੰਦਗੀ ਨੂੰ ਹੋਂਦ ਦਾ ਦੂਜਾ ਜਾਂ ਸਰੂਪ ਮਿਥਿਆ ਗਿਆ ਹੈ। ਇਸ ਨੇ ਆਪਣੀ ਹੋਂਦ ਨੂੰ ਹਰ ਹੀਲੇ ਕਾਇਮ ਰੱਖਣ ਦਾ ਯਤਨ ਕਰਨਾ ਹੈ। ਫੇਰ ਸੋਚ ਦੇ ਘੇਰੇ ਦਾ ਮੁਆਮਲਾ ਹੈ, ਇਹ ਸਿਰਫ਼ ਪਿੰਡ ਤੱਕ ਹੀ ਸੀਮਤ ਹੋ ਸਕਦਾ ਹੈ; ਸਾਰੇ ਸੰਸਾਰ ਤੱਕ ਵੀ ਫੈਲ ਸਕਦਾ ਹੈ।

ਉਹ ਜਿਸ ਗੁਰਨਾਮ ਦਾ ਇਹ ਕਹਿਣਾ, "ਗੱਲ ਤਾਂ ਠੀਕ ਹੀ ਹੈ ਹੁਣ ਸਾਡੇ ਇਥੇ ਆਂਡੇ ਤਾਂ ਨਹੀਂ ਇਥੇ ਹੋਣੇ" ਅਸਲ ਵਿਚ ਅਸੀਂ ਇਥੇ ਆਂਡੇ ਹੀ ਦੇ ਰਹੇ ਹਾਂ। ਸਾਡੀ ਅਗਲੀ ਪੀੜ੍ਹੀ ਇਸ ਦੁਬਿਧਾ ਅਤੇ ਰੱਸਾਕਸ਼ੀ 'ਚੋਂ ਕੁਝ ਹੱਦ ਤੱਕ ਮੁਕਤ ਹੋ ਜਾਏਗੀ, ਅੱਗੋਂ ਮੁਕਤੀ ਦਾ ਇਹ ਅਮਲ ਜਾਰੀ ਤੁਰਿਆ ਹੀ ਜਾਣਾ ਹੈ। ਇਸ ਅਵਸਥਾ ਵਿਚ ਸਹਿਯੋਗਤਾ ਦੇ ਆਧਾਰ ਉਤੇ ਵਾਧੂ ਪਾਉਣ ਦਾ ਸੁਚੇਤ ਯਤਨ ਕਰਨਾ ਅਤੇ ਨਸਲੀ ਵਿਤਕਰੇ ਵਿਰੁਧ ਲੜਨਾ ਹੀ ਇਕ ਠੀਕ ਰਾਹ ਹੈ।

ਆਪਣੇ ਪਿੰਡ ਦੇ ਮੋਹ ਦਾ ਇਕ ਕਾਰਨ ਇਹ ਵੀ ਹੁੰਦਾ ਹੈ ਕਿ ਅਸੀਂ ਉਸ ਦੇ ਸਮੁੱਚੇ ਜੀਵਨ ਪ੍ਰਵਾਹ ਦਾ ਇਕ ਸਰਗਰਮ ਅੰਗ ਹੁੰਦੇ ਹਾਂ। ਇਹੀ ਗੱਲ ਇਥੇ ਪੈਦਾ ਕਰਨ ਲਈ ਸਾਨੂੰ ਆਪਣੇ ਨਵੇਂ ਨਗਰ, ਪ੍ਰਾਂਤ ਅਤੇ ਦੇਸ਼ ਦੀ ਸਮਾਜਿਕ, ਸਭਿਆਚਾਰਕ ਤੇ ਸਿਆਸੀ ਜ਼ਿੰਦਗੀ ਵਿਚ ਮੋਹਰੇ ਹੋ ਕੇ ਸਰਗਰਮ ਹਿੱਸਾ ਲੈਣ ਦਾ ਪੂਰਾ ਯਤਨ ਕਰਨਾ ਚਾਹੀਦਾ ਹੈ, ਤਾਂ ਕਿ ਪੈਸੇ ਦੇ ਚੱਕਰ ਵਿਚ ਹੀ ਕੋਹਲੂ ਦੇ ਗੇੜ ਵਿਚ ਪਏ ਰਹੀਏ।

## 2. ਸਾਡੇ ਦਰਸ਼ਕ

"ਆਪਣੇ ਲੋਕ" (ਫਰਵਰੀ-ਮਾਰਚ) ਵਿਚ ਉਠਾਇਆ ਗਿਆ ਮੁਆਮਲਾ ਬਹੁਤ ਮਹੱਤਵ-ਪੂਰਣ ਹੈ। ਕਿਸੇ ਦੀ ਪ੍ਰੋਗ੍ਰਾਮ ਸਮੇਂ ਲੜਾਈ ਝਗੜਾ ਕਰਨਾ, ਰੌਲਾ ਪਾਉਣਾ, ਸੀਟੀਆਂ ਮਾਰਨਾ, ਗਾਲ੍ਹਾਂ ਕਢਣਾ, ਸ਼ਰਾਬ ਪੀਣਾ, ਗੱਲਾਂ ਕਰਨਾ, ਪੀਪਣੀਆਂ ਵਜਾਉਣਾ, ਕਲਾਕਾਰਾਂ ਅਤੇ ਦੂਸਰੇ ਦਰਸ਼ਕਾਂ ਨੂੰ ਟਿੱਚ ਸਮਝਣਾ, ਅਵਾਰਾ ਨਜਾਇਜ਼ ਜੋਸ਼ ਦਾ ਪ੍ਰਗਟਾ ਕਰਨਾ ਸਾਫ਼ ਤੌਰ ਉਤੇ ਅਸਭਯਕ ਵਤੀਰੇ ਹਨ ਜਿਨ੍ਹਾਂ ਦੀ ਬੁਨਿਆਦ ਘਟੀਆਪਨ ਦਾ ਅਹਿਸਾਸ ਅਤੇ ਮੂਰਖਤਾ ਹਨ। ਮੁਆਮਲਾ ਇਹ ਹੈ ਕਿ ਅਜੇਹੇ ਕੰਮ ਕਰਨ ਵਾਲੇ ਭਲੇਪੁਰਸ਼ਾਂ ਨੂੰ ਉਨ੍ਹਾਂ ਦੀ ਮੂਰਖਤਾ ਦਾ ਅਹਿਸਾਸ ਕਿਵੇਂ ਕਰਵਾਇਆ ਜਾਵੇ। ਮੇਰਾ ਸੁਝਾ ਹੈ ਕਿ ਇਸ ਮਸਲੇ ਉਤੇ ਰੇਡੀਓ-ਚਰਚਾ ਕੀਤੀ ਜਾਵੇ, ਜਾਂ ਆਮ ਮੀਟਿੰਗਾਂ ਵਿਚ ਆਪਣੇ ਲੋਕਾਂ ਨਾਲ ਚਰਚਾ ਕੀਤੀ ਜਾਵੇ ਅਤੇ ਅਖ਼ਬਾਰਾਂ ਵਿਚ ਲਿਖਕੇ ਲੋਕਾਂ ਨੂੰ ਇਸ ਨਿੱਘਰਣੀ ਹਾਲਤ ਤੋਂ ਜਾਣੂ ਕਰਵਾਇਆ ਜਾਵੇ। ਅਜੇਹਾ ਵਤੀਰਾ ਅਖ਼ਤਿਆਰ ਕਰਨ ਵਾਲੇ ਲੋਕਾਂ ਦੀ ਗਿਣਤੀ ਵਿਚ ਦੋ ਫ਼ੀ ਸਦੀ ਤੋਂ ਵੀ ਘੱਟ ਹੈ। ਕੀ 98% ਲੋਕ ਆਪਣੇ ਹੱਕਾਂ ਲਈ ਕੁਝ ਨਹੀਂ ਕਰ ਸਕਦੇ?

ਮੈਨੂੰ ਜਾਪਦਾ ਹੈ ਕਿ ਇਹ ਰੌਲਾ ਰੱਪਾ ਕਦੇ ਕਦੇ ਸ਼ਾਇਦ ਕੁਝ ਹੱਦ ਤਕ ਵਪਾਰਕ ਸਾੜੇ ਦਾ ਨਤੀਜਾ ਹੋਵੇ। ਪ੍ਰੋਗ੍ਰਾਮ ਕਰਵਾਉਣ ਵਾਲੀ ਧਿਰ ਦੀ ਵਿਰੋਧੀ ਕੋਈ ਪਾਰਟੀ ਉਨ੍ਹਾਂ ਦਾ ਪ੍ਰੋਗ੍ਰਾਮ ਫੇਲ੍ਹ ਕਰਵਾਉਣਾ ਚਾਹੁੰਦੀ ਹੋਵੇ। ਇਸ ਹਾਲਤ ਵਿਚ ਪ੍ਰਬੰਧਕਾਂ ਨੂੰ ਖ਼ਾਸ ਤੌਰ ਤੇ ਇਹ ਯਤਨ ਕਰਨਾ ਚਾਹੀਦਾ ਹੈ ਕਿ ਉਹ ਰੌਲਾ ਪਾਉਣ ਵਾਲੇ ਵਰਗ ਵਿਰੁਧ ਤੁਰੰਤ ਉਚਿਤ ਕਾਰਵਾਈ ਕਰਨ। ਇਸ ਕੰਮ ਲਈ ਕਾਨੂੰਨ ਦੀ ਵਰਤੋਂ ਕਰਨ। ਜੇ ਪੁਲਿਸ ਬੁਲਾਉਣੀ ਪਵੇ ਤਾਂ ਬੁਲਾਉਣ। ਪਰ ਵੇਖਿਆ ਇਹ ਗਿਆ ਹੈ ਕਿ ਉਹ ਇਕ ਵਾਰ ਸਾਰੀ ਟਿਕਟ ਵੇਚ ਕੇ ਇਹ ਸਮਝਦੇ ਹਨ ਕਿ ਉਨ੍ਹਾਂ ਦਾ ਕੰਮ ਮੁੱਕ ਗਿਆ ਹੈ, ਕਲਾਕਾਰ ਅਤੇ ਰਬ ਸਰੋਤੇ ਪੈਣ ਢੱਠੇ ਖੂਹ ਵਿਚ। ਉਹ ਪੁਲਿਸ ਨੂੰ ਫ਼ੋਨ ਕਰਕੇ ਆਰਜ਼ੀ ਸਿਰਦਰਦ ਆਪਣੇ ਮੁਨਾਫ਼ੇ ਵਿਚ ਰਤਾ ਵੀ ਘਾਟਾ ਨਹੀਂ ਪਾਉਣਾ ਚਾਹੁੰਦੇ। ਪਰ ਇਹ ਕੋਤਾਹ-ਅੰਦੇਸ਼ੀ ਹੈ, ਉਹ ਅਜੇਹਾ ਕਰਕੇ ਅਨੇਕਾਂ ਸ਼ਰੀਫ਼ ਸਰੋਤਿਆਂ ਨੂੰ ਖੋ ਬਹਿੰਦੇ ਹਨ, ਜੋ ਉਨ੍ਹਾਂ ਦੇ ਅਗਲੇ ਪ੍ਰੋਗ੍ਰਾਮ ਵਿਚ ਆਉਣੇ ਸਨ, ਪਰ ਹੌਸ ਰਖੇ ਤੇ ਘਟੀਆ ਮਾਹੌਲ ਕਰਕੇ ਨਾ ਆਪ ਆਉਣਗੇ ਨਾ ਬੱਚਿਆਂ ਤੇ ਮਿੱਤਰਾਂ ਨੂੰ ਲਿਆਉਣਗੇ। ਲੋਕਾਂ ਦੀ ਰਾਏ ਨਾਲੋਂ ਵੱਡਾ ਨਾ ਕੋਈ ਇਸ਼ਤਿਹਾਰ ਹੈ ਨਾ ਵਿਰੋਧੀ ਹਥਿਆਰ।

ਵੇਖਿਆ ਗਿਆ ਹੈ ਕਿ ਪ੍ਰੋਗ੍ਰਾਮ ਕਰਵਾਉਣ ਵਾਲੀਆਂ ਕੁਝ ਪਾਰਟੀਆਂ ਇਸ ਗੱਲੋਂ ਬੜਾ ਸੁਚੇਤ ਹਨ, ਉਹ ਪਹਿਲਾਂ ਹੀ ਅਜੇਹਾ ਪ੍ਰਬੰਧ ਕਰ ਰਖਦੀਆਂ ਹਨ ਕਿ ਕੋਈ ਬਹੁਤਾ ਰੌਲਾ ਪਾਉਣ ਵਾਲਾ, ਸ਼ਰਾਬ ਪੀਣ ਵਾਲਾ ਬਹੁਤੀ ਦੇਰ ਹਾਲ ਵਿਚ ਬੈਠ ਕੇ ਆਪਣੀ ਮਨ ਮਰਜ਼ੀ ਨਾ ਕਰ ਸਕੇ। ਮਾਰਸ਼ਲ ਬੜੇ ਆਰਾਮ ਨਾਲ ਉਸ ਨੂੰ ਬਾਹਰ ਕਢ ਦਿੰਦਾ ਹੈ। ਰੌਲਾ ਪਾਉਣ ਵਾਲੇ ਅਨੇਕਾਂ ਸੂਰਮਿਆਂ ਨੂੰ ਸਿਪਾਹੀ ਵੇਖਕੇ ਬੜੀ ਛੇਤੀ ਸੱਚ ਸੁੱਝ ਜਾਂਦਾ ਹੈ।

ਜਦੋਂ ਕਦੇ ਸਾਡੇ ਸੰਸਾਰ ਪ੍ਰਸਿਧ ਉਸਤਾਦ ਰਵੀ ਸ਼ੰਕਰ ਜਾਂ ਅਲੀ ਅਕਬਰ ਖ਼ਾਂ ਵਰਗੇ ਵੱਡੇ ਕਲਾਕਾਰ ਇਥੇ ਆਕੇ ਆਪਣਾ ਪ੍ਰੋਗ੍ਰਾਮ ਪੇਸ਼ ਕਰਦੇ ਹਨ ਤਾਂ ਸਰੋਤਿਆਂ ਵਿਚ ਬਹੁ-ਗਿਣਤੀ ਉਹ ਕੈਨੇਡੀਅਨ ਲੋਕ ਹੁੰਦੇ ਹਨ ਜਿਨ੍ਹਾਂ ਦਾ ਪਿਛੋਕਾ ਭਾਰਤੀ ਨਹੀਂ ਹੁੰਦਾ। ਇਸੇ ਤਰ੍ਹਾਂ ਸਾਡੇ ਸਧਾਰਨ ਕਲਾਕਾਰਾਂ ਦੇ ਕਲਾਸਕੀ ਸੰਗੀਤ ਦੇ ਪ੍ਰੋਗ੍ਰਾਮਾਂ ਨੂੰ ਸੁਣਨ ਵੀ ਉਹ ਕਾਫ਼ੀ ਗਿਣਤੀ ਵਿਚ ਆਉਂਦੇ ਹਨ। ਉਨ੍ਹਾਂ ਪ੍ਰੋਗ੍ਰਾਮਾਂ ਵਿਚਲੀ ਸ਼ਾਂਤੀ ਬੇਮਿਸਾਲ ਹੁੰਦੀ ਹੈ, ਹਾਲਾਂਕਿ ਉਹ ਸਰੋਤੇ ਬਹੁਤੀ ਵਾਰ ਨਾ ਭਾਰਤੀ ਰਾਗ ਦੀਆਂ ਬਾਰੀਕੀਆਂ ਸਮਝਦੇ ਹੁੰਦੇ ਹਨ ਨਾ ਬੋਲੀ। ਇਸ ਦਾ ਕਾਰਨ ਇਹ ਹੈ ਕਿ ਉਹ ਹਰ ਕਲਾਕਾਰ ਦਾ ਆਦਰ ਕਰਦੇ ਹਨ ਇਸੇ ਲਈ ਉਸ ਵਲ ਉਨ੍ਹਾਂ ਦਾ ਵਤੀਰਾ ਅਤਿ ਸੰਜੀਦਾ ਹੁੰਦਾ ਹੈ। ਕਾਸ਼! ਅਸੀਂ ਉਨ੍ਹਾਂ ਤੋਂ ਹੀ ਕੁਝ ਸਿੱਖ ਸਕੀਏ! ਉਨ੍ਹਾਂ ਵਾਂਗ ਆਪਣੀ ਕਲਾ ਨੂੰ ਮਾਣ ਸਕੀਏ!!

# GLOBE SPICES & FOODS

WISHES YOU A

HAPPY BAISAKHI AND ANNOUNCES A GRAND ANNIVERSARY SALE AND DRAW

ਗਲੋਬ
ਸਪਾਈਸਿਜ਼ ਐਂਡ ਫੂਡਜ਼

QUALITY FOODS

ਗਲੋਬ
ਸਪਾਈਸਿਜ਼ ਐਂਡ ਫੂਡਜ਼

6695 FRASER ST. (51st AVE.)
VANCOUVER, B.C. • **321-2472**

WHOLESALE | RETAIL | MAILORDER

**FOR** DAALS, RICE, SPICES, PICKLES, CHUTNEYS, MURRABAS, PAPADS, WARIAN, ALL TYPES OF FLOURS, SNACKS, REWDI, GUR, ALMOND, PISTA, CASHEWS, NUTS.

Fresh vegetables and hundreds of other grocery items.

**ALSO** PUNJABI, HINDI & GUJRATI BOOKS & MAGAZINES, MUSICAL TAPES - SONGS & KIRTAN

**SPECIAL DISCOUNTS** FOR MARRIAGES, RELIGIOUS CEREMONIES & BULK ORDERS.

For out of town orders – – Special shipping arrangements

TOP QUALITY – LOWEST PRICES    COME ONCE – COME ALL

MON. – THURSDAY & SAT. . . . . 9:30 A. M. – – to – – 7:00 P. M.

FRIDAY upto 9:00 P. M.    SUNDAY – 12 to 4:00 P. M.

**ਗਲੋਬ ਸਪਾਈਸਿਜ਼ ਐਂਡ ਫੂਡਜ਼** • ੬੬੯੫ ਫਰੇਜ਼ਰ ਸਟ੍ਰੀਟ (੫੧ ਐਵੀਨਿਊ)
ਵੈਨਕੂਵਰ, ਬੀ. ਸੀ. ੩੨੧-੨੪੭੨

ਵਧੀਆ ਦਾਲਾਂ, ਚਾਵਲ, ਮਸਾਲੇ, ਆਚਾਰ, ਮੁਰਬੇ, ਚਟਨੀਆਂ, ਪਾਪੜ, ਵੜੀਆਂ, ਗੁੜ, ਰਿਓੜੀਆਂ, ਬਾਦਾਮ ਪਿਸਤਾ, ਕਾਜੂ, ਸਬਜ਼ੀਆਂ, ਨਮਕੀਨ ਤੇ ਸੈਂਕੜੇ ਹੋਰ ਚੀਜ਼ਾਂ, ਘਟ ਤੋਂ ਘਟ ਕੀਮਤ ਤੇ ਲੈਣ ਲਈ ਹਮੇਸ਼ਾ ਯਾਦ ਰਖੋ

ਪੰਜਾਬੀ ਹਿੰਦੀ ਤੇ ਗੁਜਰਾਤੀ ਦੀਆਂ ਕਿਤਾਬਾਂ ਤੇ ਰਸਾਲੇ, ਗਾਣਿਆਂ ਦੀਆਂ ਤੇ ਸ਼ਬਦਾਂ ਦੀਆਂ ਟੇਪਾਂ ਵੀ ਮਿਲਦੀਆਂ ਹਨ

ਵਿਆਹਾਂ ਸ਼ਾਦੀਆਂ, ਅਖੰਡ ਪਾਠਾਂ, ਧਾਰਮਿਕ ਕਾਰਜਾਂ ਲਈ ਖਾਸ ਰਿਆਇਤ।

● ਵੈਨਕੂਵਰ ਤੋਂ ਬਾਹਰ ਸਮਾਨ ਭੇਜਣ ਦਾ ਖਾਸ ਪ੍ਰਬੰਧ ਹੈ। ●

*ਵਿਸਾਖੀ ਦੀ ਖੁਸ਼ੀ ਵਿਚ ਅਜ ਕਲ ਇਕ ਬਹੁਤ ਵਡੀ ਤੇ ਧੜਲੇਦਾਰ ਸੇਲ ਜਾਰੀ ਹੈ। ਕੀਮਤਾਂ ਇਤਨੀਆਂ ਘਟ ਕਿ ਤੁਸੀਂ ਹੈਰਾਨ ਰਹਿ ਜਾਉਗੇ। ਹਰ ਆਉਣ ਵਾਲੇ ਸੱਜਣ ਨੂੰ ਇਕ ਕੈਲੰਡਰ ਭੇਟ ਕੀਤਾ ਜਾਵੇਗਾ ਤੇ ਨਾਉਂ ਲਾਟਰੀ ਵਿਚ ਸ਼ਾਮਲ ਕੀਤਾ ਜਾਵੇਗਾ।*

WE RETAIL AT WHOLESALE PRICES

ਸਥਾਈ ਕਾਲਮ
**ਸਾਜ਼ ਅਤੇ ਆਵਾਜ਼**
(ਸੱਭਿਆਚਾਰਕ-ਸਰਗਰਮੀਆਂ)

## ਵਤਨੋਂ ਦੂਰ ਆਰਟ ਫਾਊਂਡੇਸ਼ਨ ਦੀਆਂ ਭਾਰਤ 'ਚ ਸਰਗਰਮੀਆਂ

ਫਾਊਂਡੇਸ਼ਨ ਦੇ ਕਲਾਕਾਰ ਭਾਰਤ ਵਿਚ ਵੀ ਸਰਗਰਮੀ ਨਾਲ ਨਾਟਕ ਖੇਡ ਰਹੇ ਹਨ ਪਿਛਲੇ ਸਾਲ ਵੈਨਕੂਵਰ ਵਿਚ ਖੇਡੇ ਗਏ ਨਾਟਕ "ਰੱਤਾ ਸਾਲੂ" ਦੇ ਡਾਇਰੈਕਟਰ - ਜੋਗਰਾਜ ਸੇਢਾ ਅਤੇ ਨਾਇਕ ਮੋਹਨ ਬੱਗਣ "ਸਿਰ ਦੀਜੈ ਬਾਂਹ ਨਾ ਛੋਡੀਐ" ਨਾਟਕ ਦੇ ਇਕ ਸੀਨ ਵਿਚ ਨਜ਼ਰ ਆ ਰਹੇ ਹਨ:



# ਰੰਗ ਮੰਚ — ਸਿਰ ਦੀਜੈ ਬਾਂਹ ਨ ਛੋਡੀਐ

26 ਅਕਤੂਬਰ 1976

ਚੰਦੀਗੜ੍ਹ ਦਾ ਟੈਗੋਰ ਥੀਏਟਰ। ਸਾਢੇ 6 ਵਜੇ ਹਨ। ਹਾਲ ਦਰਸ਼ਕਾਂ ਨਾਲ ਖਚਾ ਖਚ ਭਰਿਆ ਪਿਆ ਹੈ। ਕਿਧਰੇ ਤਿਲ ਸੁਟਣ ਲਈ ਵੀ ਥਾਂ ਨਹੀਂ ਹੈ। ਗੁਰੂ ਤੇਗ ਬਹਾਦਰ ਦੀ ਤੀਸਰੀ ਸ਼ਹੀਦੀ ਸ਼ਤਾਬਦੀ ਦੇ ਸੰਬੰਧ ਵਿਚ ਪੰਜਾਬ ਰਾਜ ਬਿਜਲੀ ਬੋਰਡ ਵਲੋਂ ਗੁਰੂ ਜੀ ਬਾਰੇ 'ਸਿਰ ਦੀਜੈ ਬਾਂਹਿ ਨਾ ਛੋਡੀਐ' ਨਾਟਕ ਪੇਸ਼ ਕੀਤਾ ਜਾ ਰਿਹਾ ਹੈ। ਇਸ ਸਮਾਗਮ ਦੀ ਪ੍ਰਧਾਨਗੀ ਪੰਜਾਬ ਦੇ ਰਾਜਪਾਲ ਐਮ. ਐਮ. ਚੋਧਰੀ ਕਰ ਰਹੇ ਹਨ ਤੇ ਇਸ ਦਾ ਉਦਘਾਟਨ ਮੁਖ ਮੰਤਰੀ ਗਿ: ਜ਼ੈਲ ਸਿੰਘ। ਹੁਮਹੁਮਾ ਕੇ ਆਏ ਦਰਸ਼ਕਾਂ ਨੂੰ ਜੀ ਆਇਆਂ ਬਿਜਲੀ ਬੋਰਡ ਦੇ ਚੇਅਰਮੈਨ ਸ: ਚੰਰਾ ਸਿੰਘ ਬਰਾੜ ਨੇ ਆਖਿਆ ਹੈ। ਦਰਸ਼ਕਾਂ ਵਿਚ ਪੰਜਾਬ ਦੇ ਸਾਬਕ ਮੁਖ ਮੰਤਰੀ ਗਿ: ਗੁਰਮੁਖ ਸਿੰਘ ਮੁਸਾਫਰ ਮੈਂਬਰ ਪਾਰਲੀਮੈਂਟ, ਪੰਜਾਬ ਦੇ ਐਕਸਾਈਜ਼ ਮੰਤਰੀ ਸ੍ਰੀ ਯਸ਼, ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ ਚੇਅਰਮੈਨ ਗਿ: ਲਾਲ ਸਿੰਘ ਆਦਿ ਬੈਠੇ ਹਨ।

ਮੁਖ ਮੰਤਰੀ ਨਾਟਕ ਦੇ ਉਦਘਾਟਨ ਦੀ ਰਸਮ ਪੂਰੀ ਕਰਦੇ ਹਨ। ਅਚਾਨਕ ਸਾਰਾ ਹਾਲ ਹਨੇਰ ਘੁਪ ਦਾ ਰੂਪ ਧਾਰ ਗਿਆ। ਕਿਸੇ ਨੂੰ ਕੁਝ ਨਹੀਂ ਦਿਸਦਾ। ਨਾ ਆਲਾ ਨਾ ਦੁਆਲਾ। ਹਰ ਕੋਈ ਇਕ ਦੂਜੇ ਨਾਲੋਂ ਟੁੱਟ ਗਿਆ ਹੈ। ਮੰਚ ਨਜ਼ਰ ਨਹੀਂ ਆ ਰਿਹਾ, ਪਰ ਇਕ ਸ਼ਬਦ ਗਾਉਣ ਦੀ ਆਵਾਜ਼ ਸਾਰੇ ਹਾਲ ਵਿਚ ਗੂੰਜ ਉਠੀ ਹੈ। ਦਰਸ਼ਕ ਆਪਣੇ ਨਾਲੋਂ ਟੁਟ ਕੇ ਨਾਟਕ ਨਾਲ ਜੁੜ ਗਏ ਹਨ। ਸ਼ਬਦ ਨੇ ਰੁਮਾਂਚਕ ਮਾਹੌਲ ਬਣਾ ਦਿਤਾ ਹੈ। ਸ਼ਬਦ ਖਤਮ ਹੁੰਦਾ ਹੈ। ਮੰਚ ਤੇ ਮਧਮ ਜਿਹਾ ਪ੍ਰਕਾਸ਼ ਉਭਰਦਾ ਹੈ। ਪਰਦਾ ਹੌਲੀ ਹੌਲੀ ਹਟ ਰਿਹਾ ਹੈ। ਰੌਸ਼ਨੀ ਤੇਜ਼ ਹੁੰਦੀ ਜਾ ਰਹੀ ਹੈ।

ਅਜ ਤੋਂ 300 ਸਾਲ ਪਹਿਲਾਂ ਦੇ ਦਿਲੀ ਸ਼ਹਿਰ ਦਾ ਚਾਂਦਨੀ ਚੌਂਕ ਦਾ ਦ੍ਰਿਸ਼ ਸਾਕਾਰ ਹੋ ਗਿਆ ਹੈ। ਜਿਸ ਵਿਚ ਦੂਰ ਇਕ ਪਾਸੇ ਲਾਲ ਕਿਲਾ, ਇਕ ਪਾਸੇ ਜਾਮਾ ਮਸਜਿਦ ਦੇ ਮੀਨਾਰ, ਦੂਸਰੇ ਪਾਸੇ ਕੋਤਵਾਲੀ, ਮੋਤੀ ਮਸਜਿਦ ਅਤੇ ਮੁਫ਼ਤੀ ਦਾ ਘਰ ਨਜ਼ਰ ਆ ਰਹੇ ਹਨ। ਸੜਕਾਂ ਤੇ ਥਾਂ ਥਾਂ ਲੋਕ ਖੜੇ ਆਪੋ ਵਿਚ ਸਹਿਮੇ ਹੋਏ ਗਲਾਂ ਕਰ ਰਹੇ ਹਨ ਕਿ ਬੜਾ ਕਹਿਰ ਵਰਤ ਰਿਹਾ ਹੈ। ਗੁਰੂ ਤੇਗ਼ ਬਹਾਦਰ ਨੂੰ ਸ਼ਹੀਦ ਕੀਤਾ ਜਾ ਰਿਹਾ।

ਨਾਟਕ ਦੀ ਸ਼ੁਰੂਅਤ ਕੁਝ ਇਸ

ਰਵ੍ਹਾਂ ਹੋਈ ਹੈ ਕਿ ਦਰਸ਼ਕ ਸਚਮੁਚ ਉਸ ਮਾਹੌਲ 'ਚ ਪੁਜ ਗਿਆ ਹੈ, ਜਿਸ ਵਿਚ ਗੁਰੂ ਜੀ ਨੂੰ ਸ਼ਹੀਦ ਕੀਤਾ ਗਿਆ ਸੀ।

'ਸਿਰ ਦੀਜੈ ਬਾਹਿ ਨਾ ਛੋੜੀਐ' ਨਾਟਕ ਦੇ ਲੇਖਕ ਹਨ ਸ: ਨਿਰੰਜਣ ਸਿੰਘ ਮਿੱਠਾ, ਡਾਇਰੈਕਟਰ ਆਫ ਪਬ-ਲਿਕ ਰੀਲੇਸ਼ਨਜ਼, ਪੰਜਾਬ ਰਾਜ ਬਿਜਲੀ ਬੋਰਡ। ਉਹਨਾਂ ਨੇ ਇਸ ਨਾਟਕ ਵਿਚ ਗੁਰੂ ਲਾਧੋ ਰੇ ਤੋਂ ਲੈਕੇ ਗੁਰੂ ਤੇਗ ਬਹਾ-ਦਰ ਸਾਹਿਬ ਜੀ ਦੀ ਅਦੁਤੀ ਸ਼ਹਦਤ, ਲਖੀ ਸ਼ਾਹ ਵਲੋਂ ਗੁਰੂ ਸਾਹਿਬ ਦੀ ਦੇਹ ਦਾ ਸਸਕਾਰ. ਭਾਈ ਜੇਤਾ ਵਲੋਂ ਅਨੇਕਾਂ ਔਕੜਾਂ ਮੁਸੀਬਤਾਂ ਨੂੰ ਝੱਲ ਕੇ ਗੁਰੂ ਗੋਬਿੰਦ ਸਿੰਘ ਜੀ ਅਗੇ ਨੌਵੀਂ ਪਾਤ-ਸ਼ਾਹੀ ਦਾ ਸੀਸ ਭੇਟ ਕਰਨ ਦੀ ਇਤਿ-ਹਾਸਕ ਘਟਨਾ ਨੂੰ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਦਰਸਾਇਆ ਹੈ। ਇਸ ਨਾਟਕ ਨਾਲ ਮਿਠਾ ਜੀ ਪੰਜਾਬੀ ਦੇ ਪ੍ਰਮੁਖ ਨਾਟਕਾਰਾਂ ਦੀ ਸਫ਼ 'ਚ ਜਾ ਖਲੋਤੇ ਹਨ।

ਇਸ ਨਾਟਕ ਦੀ ਨਿਰਦੇਸ਼ਨਾਂ ਨੌਜਵਾਨ ਨਿਰਦੇਸ਼ਕ ਯੋਗਰਾਜ ਸੇਢਾ ਨੇ ਕੀਤੀ, ਜੋ ਦੋ ਸਾਲ ਕਨੇਡਾ, ਅਮਰੀਕਾ ਵਿਚ ਰੇਡੀਓ ਟੈਲੀਵੀਜਨ ਅਤੇ ਸਟੇਜ ਉਤੇ ਨਾਟਕਾਂ ਰਾਹੀਂ ਪੰਜਾਬੀ ਸਭਿਆ-ਚਾਰ ਦੀ ਸੇਵਾ ਕਰਕੇ ਹੁਣੇ ਹੁਣੇ ਸੁਦੇਸ਼ ਪਰਤੇ ਹਨ। ਉਹਨਾਂ ਨੇ ਇਸ ਨਾਟਕ ਨੂੰ ਬੇਹੱਦ ਖੂਬਸੂਰਤ ਕਲਾਮਈ ਅਤੇ ਨਵੀਸ ਢੰਗ ਨਾਲ ਪੇਸ਼ ਕੀਤਾ ਹੈ। ਸ਼ਹਾਦਤ ਵੇਲੇ ਦਿਲੀ ਦਾ ਦ੍ਰਿਸ਼, ਲਖੀ ਸ਼ਾਹ ਦੇ ਕਾਫਲੇ ਦਾ ਦ੍ਰਿਸ਼, ਖੁਲ੍ਹੇ ਬਾਜ਼ਾਰ ਦਾ ਸੀਨ ਅਤੇ ਹੋਰ ਸਾਰੀਆਂ ਘਟਨਾਵਾਂ ਨੂੰ ਯੋਗਰਾਜ ਨੇ ਸੰਗੀਤ, ਰੌਸ਼ਨੀ ਅਤੇ ਹੋਰ ਵਿਗਿਆਨਕ ਵਿਧੀਆਂ ਅਨੁਸਾਰ ਏਨੀ ਸੂਝ ਬੂਝ ਨਾਲ ਪੇਸ਼ ਕੀਤਾ ਹੈ ਕਿ ਉਸ ਦੀ ਦਾਦ ਦਿਤਿਆਂ ਬਗੈਰ ਨਹੀਂ ਰਿਹਾ ਜਾਂਦਾ।

ਨਾਟਕ ਦੇ ਪਾਤਰ ਅਤੇ ਉਨ੍ਹਾਂ ਦਾ ਪਹਿਰਾਵਾ ਬੇਹਦ ਢੁਕਵਾਂ ਹੈ। ਇਸ ਵਿਚ 25 ਦੇ ਲਗਪਗ ਕਲਾਕਾਰ ਹਨ। ਸਾਰੇ ਦੇ ਸਾਰੇ ਕਲਾਕਾਰ ਬਿਜਲੀ ਬੋਰਡ ਕਰਮਚਾਰੀ ਹਨ।

ਇਸਤਰੀ ਪਾਤਰਾਂ ਵਿਚੋਂ ਸ਼ਬ-ਨਮ ਦਾ ਰੋਲ ਪਰਮਜੀਤ ਨੇ ਬੜੀ ਖੂਬ-ਸੂਰਤੀ ਨਾਲ ਨਿਭਾਇਆ। ਜੋ ਪੰਜਾਬੀ ਸਟੇਜ ਦੀ ਪ੍ਰਸਿਧ ਐਕਸਟਰੈਸ ਹੈ। ਇਸ ਦੀ ਅਵਾਜ਼ ਦੇ ਉਤਰਾ ਚੜ੍ਹਾਅ ਅਤੇ ਚਿਹਰੇ ਦੇ ਹਾਵ ਭਾਵਾਂ ਨੇ ਦਰ-ਸ਼ਕਾਂ ਦਾ ਮਨ ਜਿਤਿਆ। ਸਿਤਾਰਾ ਦੇ ਰੋਲ ਵਿਚ ਗੁਰਚਰਨ ਭਾਟੀਆ ਨੇ ਇਕ ਸੁਚਜੀ ਐਕਸਟਰੈਸ ਹੋਣ ਦਾ ਸਬੂਤ ਦਿਤਾ ਜੋ ਪਿਛੇ ਕੁਝ ਮਹੀਨੇ ਕੈਨੇਡਾ ਵਿਚ ਵਸਦੇ ਪੰਜਾਬੀਆਂ ਨੂੰ ਆਪਣੀ ਕਲਾ ਦੇ ਜੌਹਰ ਦਿਖਾ ਕੇ ਆਈ ਹੈ। ਸੁੰਦਰ ਸਰੂਪ ਸ਼ਾਂਤੀ ਦੇ ਛੋਟੇ ਜਿਹੇ ਰੋਲ ਵਿਚ ਬੇਹਦ ਜਚੀ। ਜਗ-ਦੀਸ਼ ਇਕ ਹੋਰ ਮੁਸਲਮਾਨ ਲੜਕੀ ਦੇ ਰੋਲ ਵਿਚ ਦਰਸ਼ਕਾਂ ਸਾਹਮਣੇ ਪੇਸ਼ ਹੋਈ। ਦਰਸ਼ਕਾਂ ਨੇ ਸਭ ਤੋਂ ਵਧ ਤਾਰੀਫ ਅਠ ਸਾਲਾ ਬਚੀ ਮਨੋਰੰਜਨ ਦੀ ਕੀਤੀ। ਜਿਸ ਨੇ ਬਾਲਕ ਦੇ ਰੂਪ ਵਿਚ ਆਪਣੀ ਤੋਤਲੀ ਅਵਾਜ਼ ਰਾਹੀਂ ਵਾਰਤਾਲਾਪ ਬੋਲ ਕੇ ਦਰਸ਼ਕਾਂ ਦੇ ਮਨ ਉਤੇ ਡੂੰਘਾ ਪ੍ਰਭਾਵ ਪਾਇਆ ਅਤੇ ਹਾਲ ਤਾੜੀਆਂ ਨਾਲ ਗੂੰਜ ਉਠਿਆ।



ਭਾਈ ਜੇਤਾ ਦਾ ਰੋਲ ਨਿਰਦੇਸ਼ਕ ਯੋਗਰਾਜ ਸੇਢਾ ਨੇ ਆਪ ਪੇਸ਼ ਕੀਤਾ।

ਭਾਈ ਜੇਤਾ ਦੇ ਰੂਪ ਵਿਚ ਯੋਗ-ਰਾਜ ਨੇ ਇਹ ਸਾਬਤ ਕਰ ਦਿਤਾ ਕਿ ਉਹ ਸਫਲ ਨਿਰਦੇਸ਼ਕ ਹੀ ਨਹੀਂ ਇਕ ਉਚ ਕੋਟੀ ਦਾ ਅਭਿਨੇਤਾ ਵੀ ਹੈ। ਗੁਰੂ ਘਰ ਦੇ ਇਸ ਅਨਿਨ ਭਗਤ ਨੂੰ ਉਸ ਨੇ ਏਰੀ ਸ਼ਰਧਾ ਨਾਲ ਪੇਸ਼ ਕੀਤਾ ਕਿ ਉਸ ਦੇ ਚਿਹਰੇ ਤੋਂ ਰੂਹਾਨੀਅਤ ਟਪਕ ਟਪਕ ਪੈਂਦੀ ਸੀ।



ਲਖੀ ਸ਼ਾਹ ਦੇ ਰੂਪ ਵਿਚ (ਮੋਹਣ ਬੱਗਨ)।

ਮਹਿਮਾਨ ਕਲਾਕਾਰ ਮੋਹਨ ਬਗਨ ਜੋ ਪੰਜਾਬੀ ਸਟੇਜ ਦਾ ਸਰਬੋਤਮ ਐਕਟਰ ਹੈ, ਨੇ ਲਖੀ ਸ਼ਾਹ ਦਾ ਰੋਲ ਨਿਹਾਇਤ ਖੂਬਸੂਰਤੀ ਨਾਲ ਅਦਾ ਕੀਤਾ। ਇਸ ਦੀ ਅਵਾਜ਼ ਦਰਸ਼ਕਾਂ ਉਤੇ ਜਾਦੂ-ਮਈ ਅਸਰ ਕਰਦੀ ਹੈ। ਸੁਲਝੀ ਹੋਈ ਅਦਾਕਾਰੀ ਦੇ ਨਾਲ ਨਾਲ ਮੋਹਨ ਬਗਨ ਨੇ ਪਰਦੇ ਪਿਛੇ ਨਿਰਦੇਸ਼ਕ ਦੀ ਸਹਾਇਤਾ ਕੀਤੀ। ਇਹ ਕਲਾਕਾਰ ਵੀ ਪਿਛਲੇ ਦੋ ਸਾਲ ਕੈਨੇਡਾ ਅਤੇ ਅਮਰੀਕਾ ਚ ਪੰਜਾਬੀ ਸਭਿਆਚਾਰ ਦੀ ਸੇਵਾ ਕਰਦਾ ਰਿਹਾ ਹੈ। ਕਾਜ਼ੀ ਦਾ ਪਾਤਰ ਭਾਰਤ ਭੂਸ਼ਨ ਨੇ ਬੜੀ ਨਿਪੁਨਤਾ ਨਾਲ ਉਘਾੜਿਆ। ਦਰਸ਼ਕ ਉਸ ਨੂੰ ਹੋਰ ਵੇਖਣਾ ਚਾਹੁੰਦੇ ਸਨ। ਮਸਤ (ਮੋਹਨ ਕੰਬੋਜ) ਨੇ ਦਰਸ਼ਕਾਂ ਉਤੇ ਡੂੰਘਾ ਪ੍ਰਭਾਵ ਛਡਿਆ। ਡੰਡਰੌਚੀ ਨਾਲ ਉਸ ਦੀ ਟਕਰ ਨੇ ਲੋਕਾਂ ਵਿਚ ਕਾਫੀ ਦਿਲਚ-ਸਪੀ ਪੈਦਾ ਕੀਤੀ। ਢੰਡਰੌਚੀ ਦੇ ਰੂਪ ਵਿਚ ਪੰਜਾਬੀ ਸਟੇਜ, ਰੇਡੀਓ ਅਤੇ ਟੈਲੀਵਿਜਨ ਦੇ ਉਘੇ ਕਲਾਕਾਰ ਪ੍ਰਾਨ ਸਭਰਵਾਲ ਨੇ ਨਾਟਕੀ ਕਾਰਜ ਵਿਚ ਚੁਸਤੀ ਭਰ ਕੇ ਦਰਸ਼ਕਾਂ ਦਾ ਮਨ ਜਿਤ ਲਿਆ ਹੈ। ਪ੍ਰੇਮ ਹਾਂਡਾ ਨੇ ਸੂਫੀ ਦਾ ਪਾਰਟ ਬੜੀ ਸੂਝ ਬੂਝ ਨਾਲ ਨਿਭਾ-ਇਆ। ਕਸ਼ਮੀਰੀ ਪੰਡਤਾਂ ਦੇ ਆਗੂ ਕ੍ਰਿਪਾ ਰਾਮ ਦਾ ਰੋਲ ਰਮੇਸ਼ ਹਾਂਡਾ ਨੇ ਪੂਰੀ ਭਾਵਕਤਾ ਨਾਲ ਸਿਰੇ ਚਾੜ੍ਹਿਆ। ਰਵਿੰਦਰ ਸੋਢੀ ਨੇ ਸਿਪਾਹੀ ਗੁਲਾਮ ਕਾਦਰ ਦੇ ਰੋਲ ਵਿਚ ਆਪਣੀ ਦਿਲ-ਚਸਪ ਅਦਾਕਾਰੀ ਰਾਹੀਂ ਦਰਸ਼ਕਾਂ ਤੋਂ ਵਾਹਵਾ ਪ੍ਰਾਪਤ ਕੀਤੀ। ਫਲੈਸ਼ ਬੈਕ ਦਰਿਸ਼ ਵਿਚ ਮਖਣ ਸ਼ਾਹ ਲੁਬਾਣਾ ਦੇ ਰੂਪ ਵਿਚ ਮਹੇਸ਼ ਇੰਦਰ ਪੇਸ਼ ਹੋਏ ਜਿਨ੍ਹਾਂ ਨੇ ਆਪਣੇ ਰੋਲ ਨੂੰ ਪੂਰੀ ਸੁਚ-ਜਤਾ ਨਾਲ ਨਿਭਾਇਆ। ਪ੍ਰੇਮ, ਸੁਰਿੰ-ਦਰ, ਅਤੇ ਗੁਰਚਰਨ ਆਪਣੇ ਆਪਣੇ ਰੋਲ ਵਿਚ ਸਫਲ ਰਹੇ। ਦੁਕਾਨਦਾਰਾਂ ਵਿਚੋਂ ਸਭ ਤੋਂ ਵਧ ਪ੍ਰਸੰਸਾ ਮੁਨਿਆਰੀ ਵਾਲੇ ਨੇ ਪ੍ਰਾਪਤ ਕੀਤੀ। ਜੋ ਮਾਸਟਰ ਰਵੀ ਨੇ ਖੇਡਿਆ। ਹਰਜਿੰਦਰ ਵਰਮਾ ਵੀ ਆਪਣੀ ਥਾਂ ਠੀਕ ਸੀ।

ਰੋਸ਼ਨੀ, ਸੰਗੀਤ ਅਤੇ ਸ਼ਬਦਾਂ ਦੀਆਂ ਧੁੰਨਾਂ ਨੇ ਦਰਸ਼ਕਾਂ ਤੇ ਬਹੁਤ ਪ੍ਰਭਾਵ ਪਾਇਆ ਜਿਸ ਦਾ ਸਿਹਰਾ ਰੇਡੀਓ ਅਤੇ ਟੈਲੀਵਿਜਨ ਦੇ ਪ੍ਰਸਿਧ ਕਲਾਕਾਰ ਹਰਭਜਨ ਸਿੰਘ, ਸੰਗੀਤ ਬੰਧਕ ਅਮਰ ਸਿੰਘ ਤੇ ਉਨ੍ਹਾਂ ਦੇ ਸਹਿ-ਯੋਗੀ ਕਲਾਕਾਰ ਕੁਮਾਰੀ ਗੁਰਚਰਨ ਭਾਟੀਆ ਨਰਿੰਦਰ. ਕੁਲਦੀਪ ਅਤੇ ਰਣਜੀਤ ਗੁਰਦੀਪ ਦੇ ਸਿਰ ਹੈ।

ਇਹ ਨਾਟਕ 8-9 ਨਵੰਬਰ ਨੂੰ ਪਟਿਆਲੇ ਦੀ ਸੈਂਟਰਲ ਲਾਇਬਰੇਰੀ ਵਿਚ ਵੀ ਪੇਸ਼ ਕੀਤਾ ਜਾ ਰਿਹਾ ਹੈ। ਇਸ ਨਾਟਕ ਦੇ ਨਿਰਦੇਸ਼ਕ ਦੀ ਇਛਾ ਹੈ ਕਿ ਉਹ ਇਸ ਨਾਟਕ ਨੂੰ ਥਾਂ ਥਾਂ ਪੇਸ਼ ਕਰੇ। ਅਸੀਂ ਪੰਜਾਬ ਸਰਕਾਰ, ਗੁਰੂ ਤੇਗ ਬਹਾਦਰ ਸ਼ਤਾਬਦੀ ਮਨਾਉਣ ਲੀਆਂ ਸੰਸਥਾਵਾਂ ਨੂੰ ਅਪੀਲ ਕਰਾਂਗੇ ਇਸ ਨਾਟਕ ਨੂੰ ਥਾਂ ਥਾਂ ਕਰਵਾਉਣਕਾ।

# Hi, There!
# We Care For Repair

ਹਰ ਕਿਸਮ ਦੇ ਟੈਲੀਵੀਜ਼ਨ,
ਸਟੀਰੀਓ, ਟੇਪ ਰੀਕਾਰਡਰ, ਰੇਡੀਓ ਅਤੇ ਫ਼ੋਨੋਗਰਾਫ਼
ਦੀ ਤਸੱਲੀਬਖ਼ਸ਼ ਮੁਰੰਮਤ ਲਈ ਹਮੇਸ਼ਾਂ ਯਾਦ ਰੱਖੋ:

## ਟਰਾਂਸ-ਕੈਨੇਡਾ ਟੀ.ਵੀ
## TRANS-CANADA T.V.

14370—104 AVE., SURREY, B.C.

(guaranteed repair of color & B/W T.V.'s, stereos, Hi-Fi, Tape Recorders, Radios & Phonographs).

**PHONE: 588-7525 OR 588-2296**

OPENS 8 A.M. TO 10 P.M.

We install car-radios & tape deck.

---

## KHAN AGENCIES LTD.

104 KINGSGATE MALL
370 EAST BROADWAY VANCOUVER, B.C. V5T 4G5

*For Income Tax Returns and Travel Arrangements*

Autoplan

## KINGSGATE INSURANCE AGENCIES

104 KINGSGATE MALL
370 EAST BROADWAY VANCOUVER, B.C. V5T 4G5



RIASAT ALI KHAN
Residence: 873-1969

- ★ Auto Insurance & License
- ★ Fire, Theft & Liability
- ★ Life, Accident & Sickness
- ★ Annuities & Pension Plans
- ★ Registered Retirement Savings Plans



SARAJ KHAN
Residence: 873-1969

FOR ALL YOUR INSURANCE NEEDS — KINGSGATE INSURANCE AGENCIES

**Bus. Tel. 872-7827 or 874-2125**

ਤਿੰਗ ਯੀ/ਹੋ ਚਿੰਗ-ਜ਼ੀ

# ਚਿੱਟੇ ਵਾਲਾਂ ਵਾਲੀ ਕੁੜੀ

## ਇਸ ਨਾਟਕ ਦੀ ਗਾਥਾ

1940 ਵਿਚ ਉਤਰ ਚੀਨ ਦੇ ਮੁਕਤ ਹੋਏ ਪ੍ਰਾਂਤਾਂ ਵਿਚੋਂ ਹੋਪੀ ਪ੍ਰਾਂਤ ਦੇ ਉਤਰ-ਪਛਮ ਦੇ ਇਲਾਕੇ ਵਿਚ ਚਿੱਟੇ ਵਾਲਾਂ **ਵਾਲੀ ਦੇਵੀ** ਬਾਰੇ ਇਕ ਕਹਾਣੀ ਲੋਕਾਂ ਵਿਚ ਬੜੀ ਪਰਚਲਤ ਸੀ। ਉਸ "ਦੇਵੀ" ਬਾਰੇ ਲੋਕਾਂ ਵਿਚ ਬੜੇ ਵਹਿਮ ਤੇ ਭੁਲੇਖੇ ਸਨ, ਜਿਸ ਕਾਰਨ ਮੁਕਤੀ ਸੈਨਾ ਤੇ ਪਾਰਟੀ ਲਈ ਲੋਕਾਂ ਵਿਚ ਕੰਮ ਕਰਨਾ ਕਠਨ ਬਣ ਰਿਹਾ ਸੀ। ਕਿਹਾ ਜਾਂਦਾ ਸੀ ਕਿ ਇਹ ਦੇਵੀ ਬਿਲਕੁਲ ਚਿਟੀ ਹੈ ਅਤੇ ਰਾਤ ਦੇ ਸਮੇਂ ਬਾਹਰ ਨਿਕਲਦੀ ਹੈ। ਇਸ "ਦੇਵੀ" ਦਾ ਮੰਦਰ ਵੀ ਪਿੰਡ ਦੇ ਬਾਹਰ ਬਣਿਆ ਹੋਇਆ ਸੀ ਤੇ ਮਹੀਨੇ ਵਿਚ ਦੋ ਵੇਰ ਉਸ ਮੰਦਰ ਉਤੇ ਲੋਕ ਚੜ੍ਹਾਵਾ ਚੜ੍ਹਾਉਂਦੇ ਤੇ ਬਲੀ ਦੇਂਦੇ ਸਨ। ਜਦ ਕਦੇ ਚੜ੍ਹਾਵਾ ਨਾ ਚੜ੍ਹੇ ਤਾਂ ਰਾਤ ਦੇ ਸਮੇਂ ਜ਼ੋਰ ਦੀ ਤਿਖੀ ਆਵਾਜ਼ ਜੰਗਲ ਵਿਚੋਂ ਆਉਂਦੀ ਸੀ : "ਯਾਦ ਰਖੋ ! ਦੇਵੀ ਦਾ ਕਰੋਪ !"

ਇਕ ਵੇਰ ਜਦ ਪਿੰਡ ਦੀ ਪੰਚਾਇਤ ਦੀ ਚੋਣ ਰਾਤ ਦੇ ਸਮੇਂ ਹੋਣੀ ਸੀ ਤਾਂ ਪਤਾ ਲੱਗਾ ਕਿ ਸਾਰੇ ਲੋਕ ਦੇਵੀ ਨੂੰ ਚੜ੍ਹਾਵਾ ਦੇਣ ਗਏ ਸਨ। ਜ਼ਿਲਾ ਪਾਰਟੀ ਵਾਲਿਆਂ ਨੇ ਇਸ "ਦੇਵੀ" ਦੀ ਅਸਲੀਅਤ ਦਾ ਪਤਾ ਲਗਾਉਣ ਦਾ ਨਿਸਚਾ ਕੀਤਾ। ਇਕ ਪੁੰਨਿਆ ਦੀ ਰਾਤ ਜਦ ਲੋਕ ਚੜ੍ਹਾਵਾ ਤੇ ਬਲੀ ਚੜ੍ਹਾ ਕੇ ਜਾ ਚੁਕੇ ਸਨ, ਤਾਂ ਮੰਦਰ ਦੇ ਪਾਸ ਹੀ ਲੁਕ ਕੇ ਪਾਰਟੀ ਦੇ ਬੰਦਿਆਂ ਨੇ "ਦੇਵੀ" ਦੀ ਉਡੀਕ ਕੀਤੀ। "ਦੇਵੀ" ਚੜ੍ਹਾਵੇ ਦਾ ਮਾਲ ਲੈਣ ਲਈ ਅਧੀ ਰਾਤ ਵੇਲੇ ਆਈ। ਜਦ ਉਹ ਵਾਪਸ ਜਾ ਰਹੀ ਸੀ, ਤਾਂ ਉਸਦਾ ਪਿੱਛਾ ਕੀਤਾ ਗਿਆ। ਉਹ ਚੀਕਦੀ ਹੋਈ ਜਾ ਰਹੀ ਸੀ ਅਤੇ ਦੂਰ ਜੰਗਲ ਅੰਦਰ ਲੁਕ ਗਈ। ਕੁਝ ਸਮੇਂ ਬਾਦ ਇਕ ਬੱਚੇ ਦੇ ਰੋਣ ਦੀ ਆਵਾਜ਼ ਆਈ। ਇਸ ਆਵਾਜ਼ ਦੇ ਸੋਮੇ ਦਾ ਪਤਾ ਲਾਇਆ ਗਿਆ, ਜੋ ਕਿਸੇ ਖੁਡ ਵਿਚੋਂ ਆ ਰਹੀ ਲਗਦੀ ਸੀ। ਆਖਰ "ਦੇਵੀ" ਦਾ ਸਾਹਮਣਾ ਵੀ ਹੋਇਆ। ਬੰਦੂਕ ਦੀ ਨਾਲੀ ਅੱਗੇ ਤਣੀ ਹੋਈ "ਦੇਵੀ" ਆਖਰ ਫਿਸ ਪਈ। ਫੁਟ ਫੁਟ ਕੇ ਰੋਣ ਲਗੀ ਅਤੇ ਉਸਨੇ ਆਪਣੀ ਦਰਦ ਭਰੀ ਦਾਸਤਾਨ ਸੁਣਾਈ, ਜਿਸਨੂੰ ਸੁਣ ਕੇ ਇਸ ਸੱਚੀ ਵਾਰਤਾ ਦੇ ਪਹਿਲੇ ਸਰੋਤਿਆਂ ਦੇ ਲੂੰ-ਕੰਡੇ ਖੜੇ ਹੋ ਗਏ। ਇਹ ਕਹਾਣੀ ਇਸ ਤਰ੍ਹਾਂ ਹੈ :

ਮੁਕਤੀ ਸੈਨਾ ਹੱਥੋਂ ਇਸ ਇਲਾਕੇ ਦੇ ਆਜ਼ਾਦ ਹੋਣ ਦੇ ਨੌਂ ਸਾਲ ਪਹਿਲਾਂ ਏਥੋਂ ਦੇ ਇਕ ਪਿੰਡ ਦਾ ਜ਼ਿਮੀਦਾਰ ਮੁਜ਼ਾਰਿਆਂ ਨੂੰ ਬੜਾ ਤੰਗ ਕਰਦਾ ਸੀ। ਇਕ ਗਰੀਬ ਲੜਕੀ ਉਤੇ ਉਸਦੀ ਨੀਤ ਬਦਨੀਤ ਹੋ ਗਈ। ਮੁਜ਼ਾਰੇ ਨੂੰ ਲਗਾਣ ਨਾ ਦੇਣ ਦੀ ਸੂਰਤ ਵਿਚ ਉਸਨੇ ਆਤਮ-ਹੱਤਿਆ ਲਈ ਮਜਬੂਰ ਕਰ ਦਿੱਤਾ, ਲੜਕੀ ਨੂੰ ਜ਼ਬਰਦਸਤੀ ਘਰ ਲੈ ਆਇਆ ਅਤੇ ਉਸਦੀ ਜ਼ਬਰਦਸਤੀ ਪੱਤ ਲੁਟੀ। ਜਦ ਉਸਦੇ ਹਾਮਲਾ ਹੋਣ ਦਾ ਉਸਨੂੰ ਪਤਾ ਲੱਗਾ, ਤਾਂ ਉਸਨੇ ਉਸ ਲੜਕੀ ਨੂੰ ਮਰਵਾ ਦੇਣ ਦੀ ਵਿਉਂਤ ਬਣਾਈ, ਪਰ ਇਕ ਨੇਕ-ਦਿਲ ਨੌਕਰਾਨੀ ਨੇ ਇਸ ਲੜਕੀ ਨੂੰ ਰਾਤ ਦੇ ਸਮੇਂ ਨਸਾ ਦਿੱਤਾ। ਉਹ ਕਿਥੇ ਜਾਂਦੀ ? ਆਖਰ ਇਕ ਜੰਗਲ ਵਿਚ ਖੁੱਡ ਦੀ ਪਨਾਹ ਲਈ। ਉਥੇ ਹੀ ਰਹਿੰਦੀ ਹੋਈ ਉਸਨੇ ਆਪਣੀ ਬਿਪਤਾ ਦੇ ਦਿਨ ਪੂਰੇ ਕੀਤੇ ਬੱਚੇ ਨੂੰ ਜਨਮ ਦਿਤਾ। ਗਰਮੀਆਂ ਵਿਚ ਤਪਦੀ, ਸਿਆਲ ਵਿਚ ਕੁੰਗੜਦੀ, ਮੀਹਾਂ ਵਿਚ ਭਿਜਦੀ ਕਈ ਸਾਲ ਉਹ ਭੁਖ ਤੇ ਨੰਗ ਦਾ ਸ਼ਿਕਾਰ ਹੁੰਦੀ ਰਹੀ। ਪਿੰਡ ਤੋਂ ਬਾਹਰ ਮੰਦਰ ਵਿਚ ਜੋ ਚੜ੍ਹਾਵਾ ਚੜ੍ਹਾਇਆ ਜਾਂਦਾ ਉਹ ਰਾਤ ਬਰਾਤੇ, ਲੁਕ ਛਿਪ ਕੇ ਲੈ ਜਾਂਦੀ। ਕਿੰਨਾ ਕਿੰਨਾ ਚਿਰ ਉਸਨੂੰ ਕੋਈ ਲੂਣ ਵਾਲੀ ਚੀਜ਼ ਖਾਣ ਨੂੰ ਨਾ ਮਿਲਦੀ ਤੇ ਜਲਦੀ ਹੀ ਉਸਦੇ ਸਾਰੇ ਵਾਲ ਚਿੱਟੇ ਹੋ ਗਏ। ਜਪਾਨ ਦੇ ਹਮਲੇ, ਮੁਕਤੀ ਸੈਨਾ ਦੀ ਜਿੱਤ ਤੇ ਦੇਸ ਦੀ ਬਦਲੀ ਹੋਈ ਹਾਲਤ ਬਾਰੇ ਉਸਨੂੰ ਕੋਈ ਖ਼ਬਰ ਨਹੀਂ ਸੀ। ਉਹ ਅਜੇ ਵੀ ਦੁਨੀਆਂ ਨੂੰ ਸਰਾਪੀਆਂ ਹੋਈਆਂ ਤੇ ਕਸ਼ਟ ਭਗਣ ਵਾਲੀਆਂ ਰੂਹਾਂ ਦਾ ਨਰਕ ਸਮਝਦੀ ਸੀ। ਪਾਰਟੀ ਵਾਲਿਆਂ ਨੇ ਉਸਨੂੰ ਸਭ ਕੁਝ ਸਮਝਾਇਆ ਅਤੇ ਉਸਦੇ ਸਾਰ ਭਰਮ-ਭੁਲੇਖੇ ਦੂਰ ਕੀਤੇ।

1944 ਤੱਕ ਮੁਕਤ ਇਲਾਕਿਆਂ ਦੇ ਕੇਂਦਰ ਯੂਨਾਨ ਵਿਖੇ ਇਹ ਸੱਚੀ ਵਾਰਤਾ ਕਈ ਕਹਾਣੀਆਂ, ਗੀਤਾਂ ਤੇ ਗੱਪਾਂ ਰਤਾਜ ਦੇ ਰੂਪ ਵਿਚ ਪੁਜੀ। ਵਖਰੇ ਵਖਰੇ ਬੰਦਿਆਂ ਰਾਹੀਂ ਬਿਆਨੀ ਗਈ ਇਕੋ ਵਾਰਤਾ ਦਾ ਰੰਗ-ਰੂਪ ਵੀ ਕੁਝ ਨਾ ਕੁਝ ਬਦਲ ਹੀ ਜਾਂਦਾ ਹੈ। ਤੇ ਭਾਵੇਂ ਇਹ ਹੌਲੀ ਹੌਲੀ ਲੋਕ ਗੀਤ, ਬੈਲਿਡ ਤੇ ਲੋਕ-ਕਹਾਣੀ ਦਾ ਰੂਪ ਵੀ ਧਾਰ ਗਈ, ਪਰ ਕਹਾਣੀ ਦੀਆਂ ਮੁਖ ਘਟਨਾਵਾਂ ਵਿਚ ਕੋਈ ਫਰਕ ਨਹੀਂ ਪਿਆ। ਮੁਜ਼ਾਰਿਆਂ ਦੀਆਂ ਨੌਜਵਾਨ ਲੜਕੀਆਂ ਦਾ ਅਜਿਹਾ ਹਾਲ ਕਈ ਵੇਰ ਵਡੇ ਜ਼ਿਮੀਦਾਰਾਂ ਹਥੋਂ ਹੋਇਆ ਸੀ। ਇਕ "ਚੁੜੇਲ" ਜਾਂ "ਦੇਵੀ" ਦੀ ਕਹਾਣੀ ਦੇ ਤੌਰ ਤੇ ਸ਼ੁਰੂ ਹੋ ਕੇ ਇਹ ਵਾਰਤਾ ਆਖ਼ਰ

ਇਨਕਲਾਬ ਨਾਲ ਹੋਣ ਵਾਲੀ ਤਬਦੀਲੀ, ਪੁਰਾਣੇ ਤੇ ਨਵੇਂ ਚੀਨ ਵਿਚਲੇ ਫਰਕ ਦਾ ਪ੍ਰਤੀਕ ਬਣ ਗਈ। ਇਸ ਨੂੰ ਕਹਾਣੀ ਅਤੇ ਨਾਟਕ ਦੇ ਰੂਪ ਵਿਚ ਕਈ ਵੇਰ ਲਿਖਿਆ ਗਿਆ। ਨਾਟਕ ਦੀ ਰੀਹਰਸਲ ਅਤੇ ਪੇਸ਼ਕਾਰੀ ਦੇ ਸਮੇਂ ਖੇਲਣ ਵਾਲਿਆਂ ਅਤੇ ਵੇਖਣ ਵਾਲਿਆਂ ਦੇ ਸੁਝਾਵਾਂ ਦੇ ਆਧਾਰ ਅਤੇ ਇਸ ਵਿਚ ਕੁਝ ਪਰੀਵਰਤਨ ਵੀ ਕੀਤੇ ਗਏ। ਇਸਦੇ ਸਾਂਝੇ ਲੇਖਕ ਸਨ : ਤਿੰਗ ਯੀ (TingYi) ਅਤੇ ਹੋ-ਚਿੰਗ-ਚੀ (Ho Ching-Chih) ਜਿਨ੍ਹਾਂ ਨੇ ਅਗਲੇ ਸਾਲ ਇਸਨੂੰ ਇਸਦੀ ਘਟਨਾ ਵਾਲੇ ਇਲਾਕੇ ਵਿਚ ਪੇਸ਼ ਕਰਦੇ ਹੋਏ ਹੋਰ ਵੀ ਸਥਾਨਕ ਜਾਣਕਾਰੀ ਪ੍ਰਾਪਤ ਕੀਤੀ ਤੇ ਇਸ ਵਿਚ ਕੁਝ ਤਬਦੀਲੀਆਂ ਕੀਤੀਆਂ। 1947 ਤੇ 1949 ਵਿਚ ਵੀ ਇਸ ਨੂੰ ਕੁਝ ਨਵੀਂ ਰੰਗਤ ਦਿਤੀ ਗਈ। ਇਸਦੇ ਲੇਖਕਾਂ ਦਾ ਕਹਿਣਾ ਹੈ ਕਿ ਆਮ ਜਨਤਾ ਦੀ ਮਿਲਵਰਤਨ ਇਹ ਸੰਬੰਧ ਬਹੁਤ ਜ਼ਰੂਰੀ ਸੀ, ਜਿਸ ਤੋਂ ਬਿਨਾ ਇਹ ਓਪੇਰਾ ਹੁਣ ਲਈ ਸਹੀ ਸੂਰਤ ਵਿਚ ਸੰਭਵ ਨਹੀਂ ਸੀ ਹੋ ਸਕਦਾ। ਪੁਰਾਣੇ ਚੀਨ ਦੇ ਹਾਲਤ, ਮੁਜ਼ਾਰਿਆਂ ਉਤੇ ਹੋਣ ਵਾਲੇ ਜ਼ੁਲਮ, ਮੁਕਤੀ ਸੈਨਾ ਦਾ ਰੋਲ, ਮੁਕਤ ਹੋਏ ਇਲਾਕਿਆਂ ਵਿਚ ਇਨਕਲਾਬੀ ਤਬਦੀਲੀਆਂ ਦੀ ਸਮੱਸਿਆ, ਇਕ ਕਹਾਣੀ ਨੂੰ ਇਕ ਮਹਾਨ ਇਨਕਲਾਬ ਦੇ ਪ੍ਰਤੀਕ ਦੇ ਤੌਰ ਤੇ ਪੇਸ਼ ਕਰਨਾ ਕਿਸੇ ਇਕੱਲੇ ਦੁਕੱਲੇ ਲੇਖਕ ਦਾ ਕੰਮ ਨਹੀਂ ਸੀ।

ਇਹ ਓਪੇਰਾ ਚੀਨੀ ਸਾਹਿਤ 1953 ਦੇ ਦੂਜੇ ਅੰਕ ਵਿਚ ਪ੍ਰਕਾਸ਼ਤ ਹੋਇਆ ਸੀ ਅਤੇ ਇਸ ਬਾਰੇ ਉਪਰ ਦਿਤੀ ਗਈ ਜਾਣਕਾਰੀ ਵੀ ਉਸੇ ਅੰਕ ਦੇ ਇਕ ਲੇਖ ਦਾ ਸੰਖੇਪ ਰੂਪ ਹੀ ਹੈ। 1959 ਦੇ ਅੰਤ ਵਿਚ ਮੈਂ ਇਸ ਮਹਾਨ ਓਪੇਰੇ ਨੂੰ ਪੰਜਾਬੀ ਵਿਚ ਕਾਵਿ-ਬਧ ਕਰਨਾ ਆਰੰਭਿਆ ਸੀ ਤੇ ਇਸਦੇ ਪਹਿਲੇ ਦੋ ਸੀਨ ਆਰਸੀ (ਦਸੰਬਰ 59 ਤੇ ਜਨਵਰੀ 1960) ਵਿਚ ਪ੍ਰਕਾਸ਼ਤ ਵੀ ਹੋਏ ਸਨ। ਪਰ ਫੇਰ ਕੁਝ ਰੁਝੇਵਿਆਂ ਦੇ ਕਾਰਨ ਇਹ ਸਿਲਸਲਾ ਜਾਰੀ ਨਾ ਰਹਿ ਸਕਿਆ। ਹੁਣ ਮੁੜ ਇਸਦੀ ਲੜੀ ਅਗਾਂਹ ਤੋਰਨ ਦਾ ਨਿਸਚਾ ਕੀਤਾ ਹੈ। ਮੇਰੀ ਕੋਸ਼ਿਸ਼ ਹੈ ਕਿ ਅਸਲ ਦੇ ਨੇੜੇ ਤੋਂ ਰਹਿੰਦੇ ਹੋਏ ਇਸ ਨੂੰ ਅਜਿਹੇ ਕਾਵਿ–ਨਾਟ ਦੇ ਤੌਰ ਤੇ ਹੀ ਪੇਸ਼ ਕੀਤਾ ਜਾਵੇ ਕਿ ਇਹ ਸਾਡੀ ਸਟੇਜ ਉਤੇ ਵੀ ਇਕ ਸਫਲ ਓਪੇਰੇ ਵਾਂਗ ਖੇਲ੍ਹਿਆ ਜਾ ਸਕੇ।

—ਹੇਮੰਤ ਸੋਢੀ]

## ਐਕਟ ਪਹਿਲਾ

### (ਸੀਨ ਦੂਜਾ)

ਜਾਗੀਰਦਾਰ ਹੁਆਂਗ ਦਾ ਮਕਾਨ।

ਬੱਤੀਦਾਨ ਵਿਚ ਇਕ ਮੋਮਬੱਤੀ ਜਗ ਰਹੀ ਹੈ, ਜਿਸ ਦੀ ਰੋਸ਼ਨੀ ਮੇਜ਼ ਉਤੇ ਪਈ ਵਹੀ, ਦਵਾਤ ਤੇ ਤਮਾਕੂ ਵਾਲੇ ਪਾਈਪ ਉਤੇ ਪੈ ਰਹੀ ਹੈ। ਪਿਛੋਕੜ ਵਿਚ ਸ਼ਰਾਬ ਦੀਆਂ ਪਿਆਲੀਆਂ ਦੇ ਖੜਕਣ ਅਤੇ ਮਹਿਮਾਨਾਂ ਦੇ ਹੱਸਣ ਤੇ ਗੱਲਾਂ ਕਰਨ ਦੀਆਂ ਆਵਾਜ਼ਾਂ ਆ ਰਹੀਆਂ ਹਨ। ਜਾਗੀਰਦਾਰ ਹੁਆਂਗ ਨਸ਼ੇ ਦੇ ਲੋਰ ਵਿਚ ਇਸ ਕਮਰੇ ਅੰਦਰ ਦਾਖ਼ਲ ਹੁੰਦਾ ਹੈ।

ਹੁਆਂਗ—ਨਸ਼ੇ ਦੀਆਂ ਦਾਅਵਤਾਂ ਦੇ ਵਿਚ ਕਜਿਆ
ਬੁੱਢਾ ਸਾਲ ਜਾ ਰਿਹਾ।
ਹਾਰਾਂ ਅਤੇ ਬੱਤੀਆਂ ਦੇ ਨਾਲ ਸੱਜਿਆ
ਨਵਾਂ ਸਾਲ ਆ ਰਿਹਾ।
ਖਾ ਪੀ ਰਹੇ ਸਾਡੇ ਘਰ ਮਹਿਮਾਨ
ਨਾਲੇ ਖੁਸ਼ ਹੋ ਰਹੇ।
ਦਾਣਿਆਂ ਦੇ ਨਾਲ ਭਰੇ ਹੋਏ ਸਾਡੇ ਕੋਠੇ
ਬਾਹਰ ਲੋਕ ਰੋ ਰਹੇ।
(ਉਸ ਦਾ ਨੌਕਰ ਪਾਣੀ ਲਿਆਉਂਦਾ ਹੈ, ਹੁਆਂਗ ਚੂਲੀ ਕਰਦਾ ਹੈ)

ਹੁਆਂਗ—(ਨੌਕਰ ਨੂੰ)
ਭਾਗਵਾਨ ਨੂੰ ਕਹਿਦੇ ਜਾ ਕੇ
ਸਾਹਿਬ ਆ ਨਹੀਂ ਸਕਦਾ।
ਸਿਰ ਮੇਰੇ ਵਿਚ ਦਰਦ ਬਹੁਤ ਹੈ
ਮਹਿਮਾਨਾਂ ਨੂੰ ਤੋਰਨ ਦਾ ਕੰਮ
ਮੈਂ ਭੁਗਤਾ ਨਹੀਂ ਸਕਦਾ।
(ਨੌਕਰ ਚਲਾ ਜਾਂਦਾ ਹੈ)

ਹੁਆਂਗ—ਅਸਾਂ ਐਵੇਂ ਨਹੀ ਲੰਘਾਈ
ਅਸਾਂ ਕੀਤੀ ਬੜੀ ਕਮਾਈ।
ਸੈਆਂ ਕਿੱਲੇ ਭੋਂ ਸਾਨੂੰ
ਆਵੇ ਨਿੱਤ ਬਟਾਈ।
ਬਾਕੀ ਦੀ ਜੱਟਾਂ ਬੂਟਾਂ ਨੂੰ
ਠੇਕੇ ਤੇ ਉਠਵਾਈ।
ਸਾਲ ਹੋ ਗਿਆ ਵਹੁਟੀ ਮੇਰੀ
ਜਦ ਪਰਲੋਕ ਸਿਧਾਈ।
ਮਾਂ ਨੇ ਲਾਇਆ ਜ਼ੋਰ, ਮੈਂ ਤਾਂ ਵੀ
ਕੀਤੀ ਨਾ ਕੁੜਮਾਈ।
ਬਿਨਾਂ ਵਿਆਹ ਦੇ ਸਰਦਾ ਸਾਡਾ
ਸਾਨੂੰ ਟੋਟ ਨਾ ਕਾਈ।
ਅੱਜ ਰਾਤ ਇਕ ਨਵੀਂ ਚੀਜ਼ ਤੇ
ਹੋਣੀ ਹੱਥ ਅਜ਼ਮਾਈ।
ਔਰਤ ਹੁੰਦੀ ਹੈ ਮੈਲ ਪਿੰਡੇ ਦੀ
ਸੱਚੀ ਗੱਲ ਹੈ ਭਾਈ।
(ਬਾਹਰ ਮੂ ਯਾਂਗ ਨੂੰ ਲਈ ਆਉਂਦਾ ਹੈ। ਯਾਂਗ ਦੀ ਆਵਾਜ਼ ਸੁਣ ਰਹੀ ਹੈ)

ਯਾਂਗ—ਲਾਲ ਲੈਂਪਾਂ ਦੀ ਰੋਸ਼ਨੀ ਮੈਨੂੰ ਨਾ ਭਾਵੇ
ਪਤਾ ਲਗੇ ਹੁਆਂਗ ਕਿਸ ਵਾਸਤੇ ਬੁਲਾਵੇ
ਡਰਦੀ ਹੋਊ ਧੀ ਮੇਰੀ ਘਰ ਬੈਠੀ ਹਾਵੇ।
ਮੇਰਾ ਦਿਲ ਘਬਰਾਵੇ।
(ਯਾਂਗ ਨੂੰ ਨਾਲ ਲੈ ਕੇ ਮੂ ਕਮਰੇ ਵਿਚ ਦਾਖ਼ਲ ਹੁੰਦਾ ਹੈ)

ਹੁਆਂਗ—ਬੁੱਢਾ ਯਾਂਗ ਪਿਆ ਆਵੇ।
(ਕੁਰਸੀ ਵਲ ਇਸ਼ਾਰਾ ਕਰਕੇ)
ਬੁੱਢਾ ਯਾਂਗ ਬੈਠ ਜਾਵੇ
(ਯਾਂਗ ਝਿਜਕਦਾ ਹੈ)

ਨਵੇਂ ਸਾਲ ਦੀ ਤਿਆਰੀ ਯਾਂਗ ਹੋ ਗਈ ਕੀ ?
ਯਾਂਗ—(ਝਕਦਾ ਹੋਇਆ)
ਕੀ ਦਸੀਏ ਜੀ !
ਘਰ ਆਟਾ ਨਹੀਂ ਘੀ ।
ਰਿੱਧੇ ਪੱਕੇ ਨੂੰ ਸਾਡੇ
ਹੋਏ ਕਈ ਡੰਗ ਹੀ ।
ਮੁ—ਘਰ ਦੇ ਰੋਣੇ ਰੋਣ ਦਾ
ਕੋਈ ਨਾ ਲਾਭ ਓ ਯਾਂਗ,
ਇਹ ਗੱਲਾਂ ਪਹਿਲਾਂ ਹੀ
ਜਾਣਦੇ ਹੋਣ ਹੁਆਂਗ ।
ਹੁਆਂਗ—(ਵਹੀ ਖੋਲ੍ਹਦਾ ਹੋਇਆ)
ਤੈਨੂੰ ਅਜ ਇਸ ਕਾਰਨੇ
ਕਸ਼ਟ ਹੈ ਦਿਤਾ ਯਾਂਗ ।
ਨਾਂਵਾਂ ਤੇਰਾ ਵਧ ਰਿਹਾ ਹੈ
ਟੁੱਟੇ ਛਿੱਤਰ ਵਾਂਗ ।
ਬੀਤ ਗਏ ਕਈ ਸਾਲ
ਤੂੰ ਦਿਤਾ ਨਹੀਂ ਲਗਾਨ ।
ਕਿਵੇਂ ਸੁਖਾਲੀ ਹੋਏਗੀ
ਆਖਰ ਤੇਰੀ ਜਾਨ ।
(ਵਹੀ ਵੱਲ ਦੇਖ ਕੇ)
ਵਹੁਟੀ ਤੇਰੀ ਜਦੋਂ ਸੀ ਮੋਈ
ਕਫ਼ਨ ਵਾਸਤੇ ਤੇਰੇ ਪੱਲੇ
ਪੈਸਾ ਨਹੀਂ ਸੀ ਕੋਈ ।
ਮੇਰਾ ਬਾਪ ਸੀ ਜੀਂਦਾ ਹਾਲੇ
ਉਸ ਤੋਂ ਲਏ ਸੀ ਤੂੰ ਪੰਜ ਡਾਲੇ ।
ਪਿਛੋਂ ਪੈ ਗਿਆ ਤੂੰ ਬੀਮਾਰ
ਤਦ ਵੀ ਲਏ ਸਨ ਡਾਲੇ ਚਾਰ ।
ਦੋ ਇਕ ਲਏ, ਤਿੰਨ ਮੁੜ ਲਏ ਸਨ
ਸੂਦ-ਦਰ-ਸੂਦ ਮੂਜਬ ਵਧ ਗਏ ।
ਮੁ—ਨਾਲੇ ਤਿੰਨ ਸਾਲ ਦਾ ਠੇਂਟ
ਹੁਆਂਗ—(ਵਹੀ ਉਤੇ ਹਿਸਾਬ ਕਰਦਾ ਹੋਇਆ)
ਹੋ ਗਏ ਤੀਹ ਡਾਲੇ ਵੀਹ ਸੈਂਟ
ਯਾਂਗ—(ਕੰਬਦਾ ਹੋਇਆ)
ਠੀਕ ਹੈ ਮੋਤੀਆਂ ਵਾਲਿਆ, ਠੀਕ ।
ਹੁਆਂਗ—ਠੀਕ ਕਿਉਂ ਨਾ ਹੋਵੇ ਯਾਂਗ
ਚਿਟੇ ਵਰਕ ਤੇ ਕਾਲੀ ਲੀਕ ।
ਬੜਾ ਹੀ ਚੰਗਾ ਜੇ ਦੇ ਦੇਵੇਂ
ਨਹੀਂ ਤਾਂ ਇਹ ਸੂਦਾ ਹੀ ਜਾਊ
ਤੈਨੂੰ ਤੋੜ ਤੋੜ ਕੇ ਖਾਊ ।
ਯਾਂਗ—(ਹਥ ਉਚੇ ਕਰ ਕੇ)
ਬਹੁੜੀਂ ਰੱਬਾ !
ਮੇਰੇ ਪਾਸ ਇਹ ਕਿਥੋਂ ਆਊ ?
ਮੁ—ਸਾਰੀ ਅਜੇ ਨਹੀਂ ਦੇ ਸਕਦਾ
ਤਾਂ ਫਿਰ ਵਿਆਜ ਹੀ ਦੇ ਦੇ ਭਾਊ ।
ਯਾਂਗ—(ਤਰਲਾ ਲੈ ਕੇ)
ਮੇਰੇ ਭਾਣੇ ਇਕ ਵੀ ਲੱਖ
ਮੇਰੇ ਪੱਲੇ ਹੈ ਨਹੀਂ ਕੱਖ,
ਕਿਧਰ ਜਾਵਾਂ
ਕਿਥੋਂ ਲਿਆਵਾਂ ?
ਮੁ—(ਯਾਂਗ ਦੇ ਮੋਢੇ ਉਤੇ ਹਥ ਰਖ ਕੇ)
ਤੇਰੇ ਛੁਟਕਾਰੇ ਦੇ ਵਾਸਤੇ ਬੁੱਢੇ ਯਾਂਗ
ਸੋਚੀ ਇਕ ਵਿਉਂਤ ਅਸਾਡੇ ਮਾਲਕ ਹੁਆਂਗ
ਯਾਂਗ—ਮੁਨਸ਼ੀ ਸਾਹਿਬ ਉਹ ਕੀ ?
ਮੁ—ਇਸ ਕਰਜ਼ੇ ਦੇ ਬਦਲੇ
ਵੇਚ ਦੇ ਅਪਣੀ ਧੀ ।
ਯਾਂਗ—(ਹੱਕਾ ਬੱਕਾ ਹੋ ਜਾਂਦਾ ਤੇ ਜ਼ਮੀਨ ਉਤੇ ਢੇ ਪੈਂਦਾ ਹੈ।)
ਹੋ ਨਹੀਂ ਸਕਦਾ !
ਜਿਗਰ ਅਪਣੇ ਦਾ ਟੋਟਾ
ਕਢ ਕੇ ਮੈਂ ਦੇ ਦਿਆਂ,
ਹਾਏ ਮੇਰੀ ਨਿਕੀ ਜਹੀ ਧੀ ।
ਇਸ ਨਾਲੋਂ ਚੰਗਾ
ਮੈਨੂੰ ਮੌਤ ਹੁਣੇ ਆ ਜਾਏ,
ਬਿੱਜ ਇਹ ਕਿਥੋਂ ਪੈ ਗਈ !
ਦਯਾ ਕਰ ਮੇਰੇ ਹਾਲ, ਉਤੇ ਮੇਰੇ ਸਾਹਿਬਾ
ਡੁਬਦੇ ਨੂੰ ਮੈਨੂੰ ਰੱਖ ਲਈਂ ।
ਹੁਆਂਗ—(ਨਿਰਾਸ਼ ਜਿਹਾ ਹੋ ਕੇ)
ਮੇਰੇ ਵਰਗਾ ਬੁੱਢਿਆ ਕਿਤੇ ਹੋਰ ਨਾ ਲੱਭੀਂ
ਧੀ ਤੇਰੀ ਨੂੰ ਘਰ ਚੰਗਾ ਮਿਲ ਰਿਹਾ ਸਬੱਬੀਂ ।
ਇਕ ਪੰਥ ਦੋ ਕਾਜ ਤੇਰੇ ਰੱਬ ਆਪ ਬਣਾਏ
ਬਿਨ ਕਰਮਾਂ ਨਹੀਂ ਪਾਈਦੇ ਲੱਖ ਕਰੇ ਉਪਾਏ ।
(ਹੱਸਦਾ ਹੈ)
ਯਾਂਗ—ਇਹ ਕੀ ਮੇਰੇ ਸਾਹਿਬਾ ਸੁਣ ਰਿਹਾ ਮੈਂ ਬਾਣੀ
ਮੁ—ਵੱਸ ਨਾ ਤੇਰੇ ਬੁੱਢਿਆ, ਤੇਰੀ ਕਿਸਮਤ ਕਾਣੀ
ਧੀ ਤੇਰੀ ਬਣ ਸਕਦੀ ਏਥੇ ਪਟਰਾਣੀ ।
ਘਰ ਤੇਰੇ ਭੰਗ ਭੁਜਦੀ ਏਥੇ ਰੱਜ ਖਾਊ
ਗੋਦੜੀਆਂ ਵਿਚ ਪਲੀ ਹੋਈ ਆ ਪੱਟ ਹੰਢਾਊ ।
ਲੁਕਿਆ ਫਿਰਦਾ ਆਪ ਤੂੰ ਉਹ ਪਾਲੇ ਮਰਦੀ
ਤੁਸੀਂ ਲੋਕ ਨਾ ਜਾਣਦੇ ਕੀਤੀ ਹਮਦਰਦੀ ।
ਯਾਂਗ—ਧੀ ਮੇਰੀ ਮੁਨਸ਼ੀ ਜੀ ਅੱਖਾਂ ਦੀ ਜੋਤੀ
ਪੁਤ ਮੇਰਾ ਵੀ ਉਸ ਨੂੰ ਜਾਣੋਂ ਘੜੇ ਦਾ ਮੋਤੀ
ਮਰ ਗਈ ਉਸ ਦੀ ਮਾਂ ਛਡ ਉਸ ਤਿੰਨ ਸਾਲ ਦੀ
ਪਾਲ ਪੱਸ ਕੇ ਏਸ ਤਰ੍ਹਾਂ ਹੁਣ ਤੋਰ ਦਿਆਂ ਕੀ ?
(ਹੁਆਂਗ ਦੇ ਪੈਰਾਂ ਵਲ ਹੁੰਦਾ ਹੈ। ਹੁਆਂਗ ਆਕੜ ਵਿਚ ਪੈਰ ਪਿਛਾਂਹ ਕਰਦਾ ਹੈ। ਯਾਂਗ ਮੁ ਵਲ ਦੇਖਦਾ ਹੈ, ਪਰ ਉਹ ਮੂੰਹ ਦੂਜੇ ਪਾਸੇ ਫੇਰ ਲੈਂਦਾ ਹੈ।)
ਹੁਆਂਗ—(ਕੁਝ ਰੁਕ ਕੇ)
ਬਹੁਤ ਹੋ ਗਈ ਬੁੱਢਿਆ ਹੁਣ ਝਾਕ ਨਾ ਹੋਰ
ਕਰਜ਼ਾ ਮੇਰਾ ਲਾਹ ਦੇ ਜਾਂ ਧੀ ਤੋਰ ।
ਮੁ—(ਯਾਂਗ ਨੂੰ)
ਸਾਹਿਬ ਅਜੇ ਪ੍ਰਸੰਨ ਹੈ ਕਰ ਚਾਰਾ ਕੋਈ
ਵਿਗੜ ਗਈ ਜੇ ਬਾਤ ਕਿਤੇ ਨਹੀਂ ਮਿਲਣੀ ਢੋਈ ।

ਹੁਆਂਗ—(ਗੁਸੇ ਨਾਲ ਮੂ ਨੂੰ)
ਲਿਖ ਲਉ ਇਸਦਾ ਬਿਆਨ ਤੇ ਉਤੇ ਗੂਠਾ ਲਾ ਲਉ
ਰੁਕ ਸਕਦਾ ਨਾ ਹੋਰ ਮੈਂ ਭਲਕੇ ਕੁੜੀ ਬੁਲਾ ਲਉ ।
(ਹੁਆਂਗ ਜਾਣ ਲਗਦਾ ਹੈ, ਯਾਂਗ ਉਸ ਦਾ
ਰਸਤਾ ਰੋਕਦਾ ਹੈ)

ਯਾਂਗ—ਮੈਨੂੰ ਬਖਸ਼ ਹਜ਼ੂਰ

ਹੁਆਂਗ—(ਉਸ ਨੂੰ ਦੁਰਕਾਰਦਾ ਹੋਇਆ)
ਹੋ ਜਾ ਨਜ਼ਰਾਂ ਤੋਂ ਦੂਰ ।
(ਚਲਾ ਜਾਂਦਾ ਹੈ)

ਮੂ—ਮੰਨ ਪਉ ਬੁਢਿਆ ਹੁਣ ਤਾਂ ।

ਯਾਂਗ—(ਉਸਦੇ ਅਗੇ ਹੋ ਕੇ ਹੌਕੇ ਭਰਦਾ ਹੋਇਆ)
ਨਹੀਂ ਮੈਂ ਕੀਤਾ ਕੋਈ ਗੁਨਾਹ
ਕਿ ਬੱਚੀ ਵੇਚਾਂ ਇਸ ਤਰ੍ਹਾਂ
ਜੋ ਪਾਲੀ ਜਾਲ ਕੇ ਜਫਰਾਂ
ਤੇ ਕਿਸਮਤ ਨੂੰ ਕੀ ਆਖਾਂ ?

ਮੂ—ਹੋਸ਼ ਕਰ ਬੁੱਢਿਆ ਜੱਟਾ
ਨਾ ਬਣ ਘੁਗੂ-ਬੱਟਾ ।
ਜੋ ਭਾਗਾਂ ਵਿਚ ਲਿਖਿਆ
ਭਰ ਘੁਟ ਕੌੜਾ-ਖੱਟਾ ।
(ਯਾਂਗ ਨੂੰ ਪਰ੍ਹਾਂ ਧਕਦਾ ਹੈ ਤੇ ਬਿਆਨ
ਲਿਖਣ ਲਈ ਕਲਮ ਚੁਕਦਾ ਹੈ)

ਯਾਂਗ—(ਮੂ ਦਾ ਹਥ ਫੜਦਾ ਹੈ)
ਮੈਥੋਂ ਬਿਨਾਂ
ਹੋਰ ਕੋਈ ਉਹਦਾ ਨਾ ।
ਮੈਂ ਹੀ ਓਹਦਾ ਪਿਉ ।
ਮੈਂ ਹੀ ਉਹਦੀ ਮਾਂ ।
ਹਾਏ ਮੇਰੀ ਬੱਚੀ !
ਹਾਏ ਕਲੀ ਕੱਚੀ !

ਮੂ—ਐਵੇਂ ਕਰ ਨਾ ਰਿਹਾੜ
ਤੇਰਾ ਲਭੇਗਾ ਨਾ ਕੱਖ
ਪੈ ਗਿਆ ਜੇ ਵਿਗਾੜ ।

ਯਾਂਗ—ਮੈਂ...ਜਾ ਖੜਕਾਊਂਗਾ
ਕਚਹਿਰੀ ਦਾ ਕਵਾੜ ।
(ਨਸ ਕੇ ਬਾਹਰ ਜਾਣ ਲਗਦਾ ਹੈ)

ਮੂ—(ਮੇਜ਼ ਉਤੇ ਮੁਕੀ ਮਾਰ ਕੇ)
ਇਲਾਕਾ ਮਜਿਸਟ੍ਰੇਟ ਹੈ ਅਪਣਾ ਹੀ ਯਾਰ
ਤੇਰੇ ਲਈ ਖੁਲ੍ਹਾ ਨਹੀਂ ਕੋਈ ਵੀ ਦੁਆਰ
(ਬੰਦ ਦਰਵਾਜ਼ੇ ਵਲ ਇਸ਼ਾਰਾ ਕਰਦਾ ਹੈ)

ਯਾਂਗ—(ਹੱਕਾ-ਬੱਕਾ ਖੜਾ ਹੋ ਜਾਂਦਾ ਹੈ)
ਮੈਨੂੰ...ਸਭੇ ਪਾਸੇ...ਹਾਰ

ਮੂ—ਸਾਰੇ ਹੀਲੇ ਨੇ ਬੇਕਾਰ
ਮਥਾ ਲਾਵੇਂ ਨਾਲ ਪਹਾੜ
ਤੂੰ ਹੈਂ ਮਾੜਾ ਉਹ ਹੈ ਤਕੜਾ
ਲਾ ਦੇ ਗੂਠਾ ਮੁਕੇ ਝਗੜਾ

ਯਾਂਗ—(ਉਸ ਨੂੰ ਰੋਕਦਾ ਹੋਇਆ)
ਰੱਬ ਦੇ...ਵਾਸਤੇ ਇਉਂ ਨਾ ਕਰ...

(ਹੁਆਂਗ ਬੜੀ ਬੇਸਬਰੀ ਨਾਲ ਆਉਂਦਾ ਹੈ)

ਹੁਆਂਗ—(ਬਹੁਤ ਗੁਸੇ ਵਿਚ)
ਬੁਢਿਆ ਸੁਣ ਲੈ ਖੋਲ੍ਹ ਕੇ ਕੰਨ
ਅੜ ਤੇਰੀ ਮੈਂ ਦੇਣੀ ਭੰਨ
ਇਹ ਗੱਲ ਤਾਂ ਅਜ ਹੋ ਕੇ ਰਹਿਣੀ
ਹੱਸ ਕੇ ਮੰਨ ਜਾਂ ਰੋ ਕੇ ਮੰਨ
(ਮੂ ਨੂੰ)
ਜਲਦੀ ਕਰ ਦੇ ਹੁਣ ਇਹ ਕੰਮ
(ਯਾਂਗ ਹਉਕਾ ਲੈਂਦਾ ਹੈ)

ਮੂ—(ਲਿਖਦਾ ਹੋਇਆ, ਨਾਲ ਨਾਲ ਪੜ੍ਹ ਵੀ ਰਿਹਾ ਹੈ)
ਕੁਲ ਤੀਹ ਡਾਲਰ ਤੇ ਉਤੇ ਵੀਹ ਸੈਂਟ
ਯਾਂਗ ਮੁਜ਼ਾਰੇ ਦਾ ਜਾਗੀਰਦਾਰ ਹੁਆਂਗ ਵੱਲ
ਬਣੇ ਕਰਜ਼ਾ ਤੇ ਤਿੰਨਾਂ ਸਾਲਾਂ ਦਾ ਰੈਂਟ ।
ਹਾਲਤ ਹੈ ਅਦਮ-ਅਦਾਇਗੀ ਦੀ
ਯਾਂਗ ਵੇਚ ਰਿਹਾ ਹੈ ਅਪਣੀ ਧੀ
(ਜਿਸਨੂੰ ਸੀਏਰ ਕਹੇ)
ਜਾਗੀਰਦਾਰ ਹੁਆਂਗ ਨੂੰ ।
ਲਿਖੀ ਗਈ ਹੈ ਰਸੀਦ ਤਾਂ ਜੋ ਸਨਦ ਰਹੇ ।
ਸਹੀ–ਯਾਂਗ ਤੇ ਹੁਆਂਗ, ਗਵਾਹ ਮੁਨਸ਼ੀ ਮੂ

ਯਾਂਗ—(ਪੂਰੇ ਜੋਸ਼ ਨਾਲ)
ਹੋ ਨਹੀਂ ਸਕਦਾ ਕਦੇ ਹਜ਼ੂਰ !

ਹੁਆਂਗ—ਲੱਤਾਂ ਬਾਂਹਾਂ ਬੰਨ੍ਹ ਕੇ ਇਸ ਦੀਆਂ
ਵਿਚ ਕਚਹਿਰੀ ਪੇਸ਼ ਕਰੋ
ਇਸਨੂੰ ਕਲ੍ਹ ਜ਼ਰੂਰ !

ਯਾਂਗ—ਵਿਚ ਕਚਹਿਰੀ ਲੈ ਜਾਉ ਮੈਨੂੰ

ਮੂ—(ਜਲਦੀ ਨਾਲ ਉਸਦਾ ਹਥ ਫੜਦਾ ਹੈ)
ਅਸੀਂ ਜਾਣ ਨਹੀਂ ਦੇਣਾ ਤੈਨੂੰ
(ਜ਼ਬਰਦਸਤੀ ਉਸਦਾ ਅੰਗੂਠਾ ਲਗਾ
ਦੇਂਦਾ ਹੈ)

ਯਾਂਗ—(ਅਪਣੀ ਉਂਗਲੀ ਨਾਲ ਸਿਆਹੀ ਦੇਖ ਕੇ ਤ੍ਰਭਕ
ਜਾਂਦਾ । ਜ਼ਮੀਨ ਉਤੇ ਡਿਗ ਪੈਂਦਾ ਹੈ)
ਹਾਏ !

ਮੂ—ਇਕ ਅੰਗੂਠੇ ਨਾਲ ਸਾਲਾਂ ਦੇ ਕਰਜ਼ੇ ਗਏ ਚੁਕਾਏ ।
(ਕਾਗਜ਼ ਹੁਆਂਗ ਨੂੰ ਦੇ ਦੇਂਦਾ ਹੈ । ਯਾਂਗ ਦੀ ਹਾਲਤ
ਦੇਖਣ ਲਈ ਹੁਆਂਗ ਮੂ ਨੂੰ ਇਸ਼ਾਰਾ ਕਰਦਾ ਹੈ ।
ਮੂ ਯਾਂਗ ਦੀ ਧੜਕਣ ਦੇਖ ਕੇ ਉਸਦੇ ਜੀਉਂਦੇ
ਹੋਣ ਦਾ ਪਤਾ ਦੇਂਦਾ ਹੈ)

ਹੁਆਂਗ—ਬੁਢੇ ਯਾਂਗ ਹੁਣ ਘਰ ਅਪਣੇ ਜਾ
ਕਲ੍ਹ ਏਥੇ ਸੀਏਰ ਨੂੰ ਲੈ ਆ ।

ਮੂ—(ਯਾਂਗ ਨੂੰ ਉਠਾਉਂਦਾ ਹੈ)
ਨਵੇਂ ਸਾਲ ਦੀ ਮੁਬਾਰਕ ਦੇਣ ਲਈ
ਸੀਏਰ ਨੂੰ ਏਥੇ ਲੈ ਆਈਂ,
ਬੁਢਿਆ, ਵਿਦਾ ਹੁਣ ਹੋ ਚਾਈਂ ਚਾਈਂ ।
(ਯਾਂਗ ਨੂੰ ਧਕ ਕੇ ਬਾਹਰ ਕਢ ਦੇਂਦਾ ਹੈ ਤੇ
ਦਰਵਾਜ਼ਾ ਬੰਦ ਕਰ ਲੈਂਦਾ ਹੈ । ਯਾਂਗ ਬਾਹਰ
ਬਰਫ਼ ਦੇ ਤੂਫ਼ਾਨ ਵਿਚ ਡਿਗ ਪੈਂਦਾ ਹੈ)

(ਬਾਕੀ ਸਫ਼ਾ 17 ਉਤੇ)

## ਹਰਿਭਜਨ ਹਲਵਾਰਵੀ

### ਉਦਾਸ ਖਾਮੋਸ਼ੀ

ਠਹਾਕਾ ਮਾਰ ਕੇ ਹੱਸਣਾ ਵੀ, ਬਹੁਤ ਵਾਰੀ
ਆਤਿਸ਼ਬਾਜ਼ੀ ਚਲਾਉਣ ਵਰਗਾ ਨਹੀਂ ਹੁੰਦਾ
ਦੁੱਖ ਦੇ ਅਸੀਮ ਖਿਲਾਅ 'ਚ
ਟੁਟਦੇ ਤਾਰੇ ਜਿਹਾ ਹੁੰਦੈ ਸਗੋਂ ।

ਦਿਨ ਪਹੁ-ਫੁਟਾਲੇ ਦੀਆਂ
ਸੰਗਮਰਮਰੀ ਪੌੜੀਆਂ ਉਤਰਕੇ ਨਹੀਂ ਆਉਂਦਾ
ਸਗੋਂ ਰਾਤ ਦੀ ਕਾਲ਼ੀ ਸੜਕ 'ਤੇ
ਬਿਨਾ ਬੱਤੀ ਟਰੱਕ ਵਾਂਗ ਹੌਂਕਦਾ ਨਿਕਲ ਜਾਂਦਾ ਹੈ ।

ਪਾਣੀ ਬਿਨਾ ਪੱਤਿਆਂ ਵਿਚ ਸੁੱਕਦੀ
ਹਰਿਆਵਲ ਦੇਖੀ ਹੈ ਕਦੇ ?
ਤਾਂ ਅੱਖਾਂ 'ਚ ਸੁਕ ਗਏ ਅਥਰੂਆਂ ਦੀ
ਬਾਤ ਸਮਝਣੀ ਮੁਸ਼ਕਲ ਨਹੀਂ ।

ਖਾਹਸ਼ਾਂ ਰਲਦੀਆਂ ਨੇ ਸਮੇਂ ਦੇ ਚਿਕੜ 'ਚ
ਬਿਗਾਨੀ ਲੜਾਈ 'ਚ ਮਰੇ
ਫੌਜੀਆਂ ਦੀਆਂ ਲਾਸ਼ਾਂ ਵਾਂਗ ।

ਉਡੀਕਦਿਆਂ ਜਦੋਂ ਥੱਕ ਜਾਂਦੀਆਂ ਨੇ ਨਜ਼ਰਾਂ
ਤਾਂ ਆਉਂਦੀ ਹੈ ਕੋਈ ਖਬਰ
ਨੜੋਏ ਨਾਲ ਜਾਣ ਦੇ ਸੱਦੇ ਵਰਗੀ
ਉਦਾਸ ਖਾਮੋਸ਼ੀ ਤੋਂ ਬਿਨਾ
ਘਰੋਂ ਨਾਲ ਕੀ ਲੈ ਕੇ ਤੁਰਿਆ ਜਾ ਸਕਦਾ ਹੈ ?

---

## ਤੇਜਬੀਰ ਕਮੇਨ

### ਪੁਲ

ਮੈਂ ਤੇ ਪੁਲਾਂ 'ਤੇ ਖੜ ਕੇ
ਕੀਤੀ ਹੈ ਸੂਹੀ ਸਵੇਰ ਦੀ ਉਡੀਕ
ਪਾਣੀ ਆਉਂਦਾ ਵੀ ਤਕਿਆ
ਪਾਣੀ ਸੁਕਦਾ ਵੀ ਤਕਿਆ
ਸ਼ਾਇਦ ਦਰਿਆ ਨੂੰ ਕਤਲ ਕੀਤਾ ਹੈ
ਜਾਂ ਸ਼ੌਰੇ ਹਾਕਮਾ ਪਾ ਦਿਤਾ ਹੈ ਗਹਿਣੇ
ਜਾਂ ਆਂਦਰਾਂ ਦਾ ਰੁਗ ਭਰ
ਨਾਲ ਭੁਖ ਮੋਇਆ ਹੈ ।

ਨਹੀਂ ਮਿਲਦਾ ਜੋ ਡਾਕਖ਼ਾਨੇ ਕਿਸੇ
ਸਰਨਾਵਾਂ ਦਰਿਆ ਦਾ,
ਬਾਂਝ ਧਰਤ ਵਿਚ ਗੁਆਚੇ
ਨਕਸ਼ ਦਰਿਆ ਦੇ
ਮੈਂ ਢੂੰਡ ਰਿਹਾ ਹਾਂ ।

ਭਲਾ ਕਦ ਦਰਿਆਵਾਂ ਦੇ ਪਾਣੀ ਪਰਤੇ,
ਬਸ ਪੁਲ ਦਾ ਪਿੰਜਰ ਹੈ ਬਾਕੀ
ਜਾਂ ਦਰਿਆ ਦਾ ਸੁਪਨਾ ।

ਜਦ ਤੱਤੀ ਲੂਅ ਵਗੇ
ਪਿੰਜਰ ਪੁਲ ਦਾ ਕੰਬੇ
ਤੇ ਬਾਂਝ ਧਰਤੀ ਜਿਵੇਂ ਪਾਗਲ
ਅਲਫ਼ ਨੰਗੀ ਔਰਤ
ਹਾਸਾ ਹਸੇ ।

ਐਵੇਂ ਮਨ ਚੰਦਰੇ ਨੂੰ ਧਰਵਾਸ ਜੇਹਾ ਹੈ,
ਮੌਤ ਜੇਹੀ ਇਸ ਕਲਰੀ ਚੁਪ ਵਿਚ
ਸਾਹ ਰੋਲ ਰਿਹਾ ਹੈ —
ਸ਼ਾਇਦ ਪਰਤੇ ਸੂਹੀ ਸਵੇਰ
ਆਪਣਾ ਘੁੰਡ ਚਾਵੇ
ਤੇ ਪਾਣੀਆਂ ਨੂੰ ਅੱਗ ਲਾਵੇ ।
ਜਾਂ ਸਾਡੇ ਲੇਖਾਂ ਵਿਚ ਲਿਖੀ
ਇਹ ਗੁਨਾਹਗਾਰ ਚੁਪ ਹੈ,
ਤੇ ਇਸ ਚੁਪ ਵਿਚ ਪਿਆ
ਪੁਲ ਦਾ ਕੰਗਰੋੜ ।

ਜਾਂ ਕੰਗਰੋੜ ਦੇ ਜੋੜਾਂ ਨੂੰ
ਚੂੰਡ ਕੇ ਖਾਂਦੇ ਕਾਂ ।

---

## ਸੁਰਿੰਦਰ ਸ. ਨੂਰ

### ਇਕ ਕਵਿਤਾ—ਜੋ ਕਵਿਤਾ ਨਹੀਂ ਸੀ

ਜਦੋਂ ਵਿਹੜੇ ਵਿਚ ਸ਼ਹਿਨਾਈ ਤੇ ਕੀਰਨੇ
ਰਲ ਮਿਲ ਜਾਣ
ਤੁਸੀਂ ਗੇਂਦ ਵਾਂਗ ਆਪਣੇ ਆਪ ਨੂੰ
ਸ਼ੋਰ ਦੇ ਦਰਮਿਆਨ ਸੁਟ ਸਕਦੇ ਹੋ/
ਇਕ ਚੁਪ ਦਾ ਦਾਇਰਾ ਸਿਰਜਕੇ
ਪੁਲ ਥੱਲੇ ਬੈਠ ਲੰਘਦੀ ਗੱਡੀ ਦਾ ਸ਼ੋਰ ਸੁਣ ਸਕਦੇ ਹੋ
ਅੱਖਾਂ ਫੋਟੋਗ੍ਰਾਫ਼ੀ ਦੇ ਦੇਸ
ਤੇ ਪੈਰ ਕਬਰਾਂ ਦੇ ਦੇਸ
ਏਸ ਕਾਲ ਦੀ ਸੰਪਤੀ ਨੂੰ ਸਾਂਭ ਸਕਦੇ ਹੋ
ਉਸ ਜੇਬ ਵਿਚ ਜਿਸ 'ਚੋਂ ਸਭ ਕੁਝ ਕਿਰ ਜਾਂਦਾ ਹੈ ।

ਜਦੋਂ ਵਿਹੜੇ ਵਿਚ ਸ਼ਹਿਨਾਈ ਤੇ ਕੀਰਨੇ
ਰਲ ਮਿਲ ਜਾਣ
ਤੁਸੀਂ ਯਾਦ ਕਰ ਸਕਦੇ ਹੋ
ਕਿਸੇ ਵਿਸ਼ਵ-ਵਿਦਿਆਲੇ 'ਚ ਪੜ੍ਹੀ ਸ਼ਬਦ-ਵਿੱਦਿਆ
ਤੇ ਕੀਰਨੇ ਸ਼ਹਿਨਾਈ, ਸ਼ਹਿਨਾਈ ਕੀਰਨੇ, ਉਲਟਾ ਪਲਟਾ ਸਕਦੇ ਹੋ
ਸ਼ਬਦਾਂ ਦੀ ਚਮੜੀ ਉਧੇੜ ਸਕਦੇ ਹੋ
ਅਰਥ—ਕਿਰਨਾਂ ਜਾਂ ਸ਼ਹਿਨਸ਼ਾਹੀ ਵੀ ਕਰ ਸਕਦੇ ਹੋ
ਪਰ ਇਹ ਕਰਦਿਆਂ ਵਿਹੜੇ ਦੇ ਕਿਸੇ ਜੀ ਵੱਲ ਨਾ ਤੱਕਣਾ
ਨਹੀਂ ਤਾਂ ਸਾਰੀ ਕਸਰਤ ਅਜਾਈਂ ਚਲੀ ਜਾਏਗੀ ।

ਜਦੋਂ ਵਿਹੜੇ ਵਿਚ ਸ਼ਹਿਨਾਈ ਤੇ ਕੀਰਨੇ
ਰਲ ਮਿਲ ਜਾਣ
ਉਦੋਂ ਤੁਸੀਂ ਜਨ ਗਨ ਮਨ ਬਾਰੇ ਕਿਵੇਂ ਸੋਚਦੇ ਹੋ ?
ਕਿਵੇਂ ਸੋਚਦੇ ਹੋ ਹੁਸੈਨ ਦੀ ਤ੍ਰੈਮੂਰਤੀ ਬਾਰੇ ?
ਕਿਵੇਂ ਸੋਚਦੇ ਹੋ ਉਸ ਯਾਰ ਦੇ ਬਾਰੇ
ਜਿਸਦੀ ਖ਼ਬਰ ਤਾਂ ਮਿਲੀ ਪਰ ਲਾਸ਼ ਨਾ ਮਿਲੀ ?
ਕਿਵੇਂ ਸੋਚਦੇ ਹੋ ਉਸ ਮਹਿਬੂਬਾ ਕੁੜੀ ਦੇ ਬਾਰੇ
ਜੋ ਆਖ਼ਰ ਵੇਸਵਾ ਬਣ ਗਈ ?

---

ਨਵਤੇਜ ਭਾਰਤੀ

## ਮੈਂ ਮਿਰਤੂ ਦਾ ਤਾਲਬ ਹਾਂ

ਮੈਂ ਉਸ ਬਿਜਲੀ ਦਾ ਤਾਲਬ ਹਾਂ
ਜੋ ਮੈਨੂੰ ਫ਼ਨਾਹ ਕਰ ਦੇਵੇ
ਇਹ ਤਨ ਮੇਰਾ, ਮਨ ਮੇਰਾ, ਰੂਹ ਮੇਰੀ
ਮੇਰੀ ਨਹੀਂ
ਇਹ ਕਿਸੇ ਹੋਰ ਨੇ ਸਿਰਜੀ ਹੈ
ਜੋ ਮੌਤ ਆਵੇਗੀ
ਉਹ ਮੇਰੀ ਨਹੀਂ ਹੋਵੇਗੀ ।

ਮੈਂ ਉਸ ਬਿਜਲੀ ਦਾ ਤਾਲਬ ਹਾਂ
ਜੋ ਇਸ ਮਾੜੀ ਨੂੰ ਫ਼ਨਾਹ ਕਰ ਦੇਵੇ
ਮੈਂ ਇਸ ਰਾਖ਼ 'ਚੋਂ
ਫਿਰ ਜਨਮ ਲਵਾਂਗਾ
ਆਪਣੇ ਆਪ ਨੂੰ
ਆਪਣੇ ਲਈ ਸਿਰਜਾਂਗਾ

ਕੋਈ ਬਿਜਲੀ
ਮੈਨੂੰ ਫ਼ਨਾਹ ਕਰ ਦੇਵੇ

---

ਸੁਰਿੰਦਰ ਧੰਜਲ

## ਅਰਥਾਂ ਦੀ ਭਾਲ

ਅੱਜ ਤੱਕ ਆਪਣੇ ਖੇਤਾਂ ਵਿੱਚ ਮੈਂ
ਦੁੱਖ ਵਾਹੇ ਤੇ ਮਿਹਨਤ ਬੀਜੀ
ਪਰ ਉਨ੍ਹਾਂ 'ਚੋਂ ਭੁੱਖ ਉੱਗੀ ਹੈ
ਹੁਣ ਮੈਂ 'ਭਾਗਾਂ ਵਾਲੇ' ਵਾਂਗੂੰ
ਖੇਤਾਂ ਵਿੱਚ 'ਦਮੂੰਖਾਂ' ਬੀਜੂੰ
ਫਿਰ ਖੇਤਾਂ 'ਚੋਂ ਲਾਵਾ ਉੱਠੂ
ਜਨਮ੍ਹ ਜਨਮ ਦੀ ਭੁੱਖ ਸੜ ਜਾਊ !

ਪੋਹ ਦੀਆਂ ਰਾਤਾਂ ਸਰਦ ਠੰਢੀਆਂ
ਉਨ੍ਹਾਂ ਦੀਆਂ ਤਲੀਆਂ ਤੇ ਇੰਝ ਮੈਂ
ਕੁਝ ਭਖਦੇ ਅੰਗਿਆਰ ਧਰਾਂਗਾ
ਮੌਤ ਵਿੱਚੋਂ ਜ਼ਿੰਦਗੀ ਦੇ
ਅਰਥਾਂ ਦੀ ਭਾਲ ਕਰਾਂਗਾ ।

ਪਰਬਤ ਬੇਸ਼ੱਕ
ਉੱਚੇ ਹੋਣ ਹਿਮਾਲਾ ਤੋਂ ਵੀ
ਪਰ ਤੇਸੇ ਤਾਂ ਮੁੱਕ ਨਹੀਂ ਜਾਂਦੇ
ਪਰ ਇਹ ਹੱਥ ਤਾਂ ਟੁੱਟ ਨਹੀਂ ਜਾਂਦੇ
ਇਸ ਧਰਤੀ ਤੋਂ
ਯੁੱਗਾਂ ਤੱਕ ਫਰਿਹਾਦ ਨਾ ਮਰਦੇ ।


**Need any help in any type of real estate contact, anytime!**



**HARPAL TOOR**

# BEST REALTY LTD.

3511 Kingsway, Vancouver, B.C.

Res.: 524-9848 Office: 438-3331

ਕਹਾਣੀ :

# ਆਪਣੇ ਪਰਾਏ

ਬੂਟਾ ਰਾਮ

ਦਫ਼ਤਰ ਵਿਚ ਵੱਖਰੀ ਹੀ ਕਿਸਮ ਦੀ ਗੰਭੀਰਤਾ ਛਾਈ ਹੋਈ ਸੀ। ਲਗਾਤਾਰ ਪੰਜਾਂ ਮਿੰਟਾਂ ਤੋਂ ਨਾ ਕਿਸੇ ਪੈਨਸਲ ਚੱਕੀ, ਨਾ ਕੰਨ 'ਚੋਂ ਮੈਲ ਕੱਢੀ ਤੇ ਨਾ ਹੀ ਉਬਾਸੀ ਲਈ। ਉਹ ਜ਼ੋਰ ਲਾ ਲਾ ਕੇ ਦਲੀਲਾਂ ਦੇ ਰਹੇ ਸਨ। ਇਕ ਪਾਸੇ ਬਾਹਰੋਂ ਆਇਆ ਐਕਸੀਅਨ X. E. N. ਦੇ ਦਫ਼ਤਰ ਦਾ ਦਫ਼ਤਰ-ਕਲਰਕ ਸੀ ਤੇ ਦੂਜੇ ਪਾਸੇ ਮੁੱਖ ਕਲਰਕ ਦੀ ਅਗਵਾਈ ਵਿਚ ਦਫ਼ਤਰ ਦੇ ਤਿੰਨੇ ਕਲਰਕ। ਬਾਹਰੋਂ ਇਕ ਮੁੰਡਾ ਜਿਸ ਦਾ ਨਾਂ ਭੋਲਾ ਸੀ ਤੇ ਹੁਣੇ ਹੀ ਇਸ ਮਹਿਕਮੇ ਵਿਚ ਆਇਆ ਸੀ, ਅੰਦਰ ਆਇਆ। ਸਾਰਿਆਂ ਨਾਲ ਹੱਥ ਮਿਲਾਉਂਦਿਆਂ ਉਸ ਨੇ ਪੁੱਛਿਆ :

"ਕੀ ਗੱਲ ਐ ਯਾਰ, ਐਂ ਤਣੇ ਖੜੇ ਓ ?"

"ਗੱਲ ਤਾਂ ਕੁਝ ਵੀ ਨਹੀਂ", ਬਾਹਰੋਂ ਆਏ ਕਲਰਕ ਮੁਰਾਰੀ ਲਾਲ ਨੇ ਕਹਿਣਾ ਸ਼ੁਰੂ ਕੀਤਾ "ਐਕਸੀਅਨ ਤੇ ਐਸ. ਆਈ. ਨੇ ਜਾਣੈ ਫ਼ਿਲਮ ਦੇਖਣ, ਨਾਲ ਉਨ੍ਹਾਂ ਦੀਆਂ ਮਿਸਿਜ਼ਾਂ ਵੀ। ਮੈਨੂੰ ਸੁਨੇਹਾ ਅਪੜਿਆ ਕਿ ਤੂੰ ਜਾ ਕੇ ਦੋ ਨੰਬਰ ਦੇ ਐਸ. ਡੀ. ਓ. ਨੂੰ ਆਖ ਕਿ ਉਹ ਟਿਕਟਾਂ ਦਾ ਇੰਤਜ਼ਾਮ ਕਰ ਕੇ ਉਥੇ ਇੰਤਜ਼ਾਰ ਕਰੇ।"

"ਚੰਗਾ ਫਿਰ ਸਾਡੇ ਦਫ਼ਤਰ ਦਾ ਸੁਨੇਹਾ ਸੀਗਾ, ਤੇ ਤੂੰ ਦੇ ਗਿਆ। ਸਾਥੋਂ ਇਨੀਸ਼ਲ ਕਰਾ ਲੈ। ਟਿਕਟਾਂ ਦਾ ਅਸੀਂ ਆਪੇ ਇੰਤਜ਼ਾਮ ਕਰਾਂਗੇ।" ਮੁੱਖ ਕਲਰਕ ਨੇ ਫਿਰ ਆਪਣੀ ਵਕਾਲਤ ਸ਼ੁਰੂ ਕਰ ਦਿੱਤੀ।

"ਫਿਰ ਉਹੀ ਗੱਲ ਦੁਹਰਾਈ ਜਾਨੈ ਤੂੰ ਯਾਰ। ਮੈਂ ਕਹਿਨਾ, ਬਈ ਇਹ ਸੁਨੇਹਾ ਐਸ. ਡੀ. ਓ. ਵਾਸਤੇ ਸੀ, ਜੇ ਉਹ ਨਹੀਂ, ਤੁਹਾਨੂੰ ਕੀ ਪਿਆ, ਮੈਂ ਆਪੇ ... ... ਬਾਕੀ ਜੇ ਤੁਹਾਡੇ ਦਫ਼ਤਰ 'ਚੋਂ ਕੋਈ ਗਿਆ ਤਾਂ ਸਾਹਬ ਊਂ ਵੀ ਨਰਾਜ਼ ਹੋਊ ਬੀ ਜਣੇ ਕਣੇ ... ...।"

ਬਾਕੀ ਕਲਰਕਾਂ ਨੇ ਪੂਰੇ ਜ਼ੋਰ ਨਾਲ ਆਪਣੇ ਮੁੱਖ-ਕਲਰਕ ਦੀ ਹਿਮਾਇਤ ਕੀਤੀ।

"ਤੂੰ ਮਨੋਂ ਬਣਾਉਨੈਂ ....।"

"ਇਹ ਜਾਤੀ ਹਮਲੈ, ਇਹ ਇਜ਼ਤ ਦਾ ਸੁਆਲ ਐ।"

ਭੋਲਾ ਜੋ ਬਿੰਦ ਕੁ ਪਹਿਲਾਂ ਮੁਸਕਰਾ ਰਿਹਾ ਸੀ ਕੁਝ ਉਦਾਸ ਹੋ ਕੇ ਬੋਲਿਆ, ਮੈਨੂੰ ਸਮਝ ਨਹੀਂ ਆਉਂਦੀ ਕਿ ਲੜਾਈ ਕਾਹਦੇ ਪਿਛੇ ਐ, ਥੋਨੂੰ ਕੀ ? ਆਖ ਦਿਓ ਐਸ. ਡੀ. ਓ. ਹੈਨੀ, ਐਕਸੀਅਨ ਆਪੇ ਟਿਕਟਾਂ ਲੈਂਦਾ ਫਿਰੂ।"

"ਮੈਂ ਬਿਲਕੁਲ ਵੀ ਮਨੋਂ ਨਹੀਂ ਬਣਾਉਂਦਾ", ਮੁਰਾਰੀ ਭੋਲੇ ਵਲ ਤੱਕ ਕੇ ਜ਼ਕ ਜਿਹਾ ਗਿਆ ਤੇ ਫਿਰ ਬੋਲਿਆ, ਸਾਹਿਬ ਦੀ ਮਿਸਿਜ਼ ਕਹਿੰਦੀ ਸੀ, ਜੇ ਕਿਸੇ ਹੋਰ ਦਫ਼ਤਰ ਦਾ ਕਲਰਕ ਗਿਆ ਤਾਂ ਮੈਂ ਫ਼ਿਲਮ ਨੀ ਦੇਖਣੀ... ਚਲ ਮੂੰਹ ਤੇ ਕਰਾ ਦਿੰਨਾ ਹੋਰ ਮੈਨੂੰ ਕੀ ਐ... ਹੈਂ ...।"

ਮੁੱਖ ਕਲਰਕ ਨੇ ਦਰਾਜ਼, ਜਿਸ ਨੂੰ ਉਹ ਹਿਲਾ ਰਿਹਾ ਸੀ, ਕੜਾਕ ਦੇ ਕੇ ਬੰਦ ਕਰ ਦਿਤੀ।

ਇਕ ਕਲਰਕ ਨੇ ਮੁਖ-ਕਲਰਕ ਵੱਲ ਤੱਕਦੇ ਹੋਏ "ਚਲ ਕਰਾ ਮੂੰਹ ਤੇ" ਵਰਗੀ "ਹੂੰ ... ..." ਆਖੀ।

ਮੁੱਖ ਕਲਰਕ ਦੇ ਰੋਣ-ਹਾਕੇ ਮੂੰਹ ਤੇ ਗੁੱਸਾ, ਬਿਜਲੀ ਦੀ ਟਿਊਬ ਵਾਂਗ ਰੁਕਦਾ ਰੁਕਦਾ ਪੂਰੀ ਤਰ੍ਹਾਂ ਜਗ ਪਿਆ।

"ਅਸੀਂ ਮਾਰਦੇ ਆਂ ਥੂਹੀ, ਇਹੋ ਜੀ ਚਮਚਾਗੀਰੀ ਦੀ। ਅਸੀਂ ਦਫ਼ਤਰ ਦੇ ਮੁਲਾਜ਼ਮ ਆਂ, ਕਿਸੇ ਦੇ ਘਰ ਜੁੱਤੀਆਂ ਨੀ ਚੱਟਦੇ ਫਿਰਦੇ। ਦਫ਼ਤਰ ਦਾ ਟੈਮ ਖਤਮ ਤੇ ਅਸੀਂ ਆਪਣੇ ਘਰ। ਬੰਦਾ ਅਸੂਲਾਂ ਦੇ ਸਿਰ ਤੇ ਜਿਊਂਦੈ।"

ਸ਼ਰਮਸਾਰ ਜਿਹੀ ਖ਼ੁਸ਼ੀ 'ਚ ਮੁਰਾਰੀ ਬਾਹਰ ਨਿਕਲ ਆਇਆ। ਸੜਕ ਤੇ ਤੁਰਦਿਆਂ ਉਸ ਨੂੰ ਉਬਾਸੀ ਆਈ ਤੇ ਅੱਗੇ ਕੀਤੇ ਹੱਥ ਉਸ ਦੀਆਂ ਹੜਬਾਂ ਨੂੰ ਛੂਹ ਗਏ। ਉਸ ਨੇ ਢਿਲਕੀ ਐਨਕ ਉੱਪਰ ਚੁੱਕੀ ਤੇ ਇਕ ਨਜ਼ਰ ਪੈਂਟ ਵਲ ਮਾਰੀ "ਖੁਲ੍ਹੀ, ਢਿਲਕੀ...", ਪੈਰਾਂ ਨੂੰ ਦੇਖ ਕੇ ਜ਼ਰੂਰ ਪਤਾ ਲਗਦਾ ਸੀ ਕਿ ਇਸ ਵਿਚ ਲੱਤਾਂ ਜ਼ਰੂਰ ਹਨ। "ਗੋਰਾ ਰੰਗ ਲੰਬਾ ਕੱਦ" ਉਸ ਨੂੰ ਜਾਪਿਆ ਕਿ ਉਸ ਦੀ ਖ਼ਤਮ ਹੋ ਚੁਕੀ ਈਮਾਨਦਾਰੀ ਵਾਂਗ ਇਹ ਵੀ ਕਿਸੇ ਕੰਮ ਦੇ ਨਹੀਂ। ਉਸ ਨੂੰ ਕਿਤੋਂ ਵੀ ਆਪਣਾ ਆਪ ਚੰਗਾ ਨਾ ਲਗਿਆ। ਉਸ ਨੂੰ ਨਵੀਂ ਪੈਂਟ ਦਾ ਚੇਤਾ ਆਇਆ। "ਨਵੀਂ ਪੈਂਟ ਪਾਲਿਸ਼ ਕੀਤੇ ਬੂਟ", ਉਹ

ਤੁਰਨ ਦਾ ਯਤਨ ਕਰਨ ਲੱਗਾ ਪਰ ਤੋਰ ਉਸ ਨੂੰ ਜਚੀ ਨਾ । ਉਹ ਹੌਲੀ ਹੋ ਗਿਆ ਸੀ। ਅਚਾਨਕ ਉਸ ਨੇ ਅੱਗੇ ਪਿਛੇ ਤੱਕਿਆ; ਕੋਈ ਵੀ ਉਸ ਨੂੰ ਦੇਖ ਨਹੀਂ ਰਿਹਾ ਸੀ । ਉਸ ਨੇ ਕਦਮ ਤੇਜ਼ ਕਰ ਦਿਤੇ ।

ਦਫ਼ਤਰ 'ਚ ਹੋਈਆਂ ਗੱਲਾਂ ਉਸ ਦੇ ਦਿਮਾਗ਼ ਵਿਚ ਸ਼ੋਰ ਕਰ ਰਹੀਆਂ ਸਨ ਪਰ ਸਭ ਤੋਂ ਉੱਚੀ ਆਪਣੀ ਆਵਾਜ਼ ਦੇ ਆਸਰੇ ਉਹ ਉੱਡਿਆ ਜਾਂਦਾ ਸੀ, "ਆਖ਼ਰ ਅਫ਼ਸਰ ਨਾਲ ਫ਼ਿਲਮ ਦੇਖਣੀ ਕੁਝ ਮਾਅਨੇ ਰਖਦੀ ਐ ... ... ਦੇਖਣ ਵਾਲਿਆਂ 'ਤੇ ਰੋਅਬ ਤੇ ਆਪ ਨੂੰ ਵੀ ਕੰਮ ਪੈਂਦਾ ਈ ਰਹਿੰਦੈ ।"

ਘਰ ਜਾ ਕੇ ਉਸ ਨੇ ਛੇਤੀ ਛੇਤੀ ਕਪੜੇ ਬਦਲੇ ਤੇ ਇੰਨੇ ਚਿਰ ਵਿਚ ਹੀ ਸਾਰੀ ਗੱਲ ਆਪਣੀ ਪਤਨੀ ਨੂੰ ਸੁਣਾ ਦਿਤੀ । "ਮੈਂ ਵੀ ਚਲੂੰਗੀ" ਉਸ ਦੀ ਪਤਨੀ ਨੇ ਉਸ ਦੇ ਲਾਹੇ ਕਪੜੇ ਕਿੱਲੀ ਤੇ ਟੰਗਦਿਆਂ ਕਿਹਾ ।

"ਤੂੰ ਸਮਝਦੀ ਕਿਉਂ ਨਹੀਂ, ਆਪਾਂ ਕਲ੍ਹ ਨੂੰ ਚਲਾਂਗੇ", ਉਸ ਨੂੰ ਪਤਾ ਸੀ ਕਿ ਉਸ ਦੀ ਪਤਨੀ ਨਾਰਾਜ਼ ਹੋਵੇਗੀ ਪਰ ਉਸ ਨੂੰ ਕਹਿਣਾ ਹੀ ਪਿਆ ।

"ਅੱਜ ਕੀ ਐ... ।"

"ਨਹੀਂ" ਉਸ ਨੇ ਪੈਂਟ ਵਲ ਨਿਗਾਹ ਮਾਰੀ ਤੇ ਇਕ ਧਾਗਾ ਜੋ ਗੋਡੇ ਕੋਲ ਚੰਬੜਿਆ ਪਿਆ ਪਹਿਲਾਂ ਉਸ ਨੇ ਝਾੜਿਆ ਫੇਰ ਚੂੰਡੀ ਭਰ ਕੇ ਹੇਠਾਂ ਸੁਟ ਦਿਤਾ ।

"ਚੰਗਾ ਮੈਂ ਮੁਖਤਿਆਰੋ ਹੋਰਾਂ ਨਾਲ ਚਲੀ ਜਾਵਾਂਗੀ, ਅੱਜ ਉਹਨਾਂ ਨੇ ਵੀ ਜਾਣੈ । ਪੁੱਛਣ ਆਈ ਸੀ ਤੁਸੀਂ..."

"ਠੀਕ ਐ ..." ਕਹਿੰਦਾ ਉਹ ਤੁਰ ਪਿਆ । ਉਸ ਨੇ ਬੂਟਾਂ ਵੱਲ ਨਿਗਾਹ ਮਾਰੀ ਧਾਗਾ ਬੂਟ ਦੇ ਫੀਤੇ ਕੋਲ ਅੜਿਆ ਪਿਆ ਸੀ ।

ਖੇਤੋਂ ਮੁੜਦੇ ਊਠ ਵਾਂਗ ਪਲਾਘਾਂ ਭਰਦਾ ਉਹ ਛੇਤੀ ਹੀ ਥੀਏਟਰ ਪਹੁੰਚ ਗਿਆ । ਰਾਹ 'ਚ ਬੱਸ ਉਸ ਨੇ ਸਿਗਰਟਾਂ ਖ਼ਰੀਦੀਆਂ ਤੇ ਚਲਦੇ ਚਲਦੇ ਹੀ ਇਕ ਸਿਗਰਟ ਖਿੱਚ ਗਿਆ, "ਫਿਰ ਸਾਹਬ ਨੇ ਆ ਜਾਣੈ ਤੇ ਸਿਗਰਟ ਵੀ ਨੀਂ ਪੀਤੀ ਜਾਣੀ ।" .

ਉਸ ਨੇ ਫਿਰ ਸਾਰੇ ਕਪੜਿਆਂ ਵਲ ਨਿਗਾਹ ਮਾਰੀ ਤੇ ਐਨਕ ਉਪਰ ਚੁੱਕੀ । ਬੂਟ ਦੇ ਫੀਤੇ ਕੋਲ ਪਏ ਧਾਗੇ ਵਲ ਦੇਖ ਕੇ ਪਤਾ ਨਹੀਂ ਉਸ ਨੂੰ ਕਿਉਂ ਆਪਣੀ ਪਤਨੀ ਦਾ ਚੇਤਾ ਆ ਗਿਆ, "ਆਉਂਦੀ ਹੀ ਹੋਵੇਗੀ ... ...।"

ਉਸ ਨੇ ਚਿੱਟ ਕੱਢੀ ਤੇ ਟਿਕਟਾਂ ਦਾ ਇੰਤਜ਼ਾਮ ਕਰਨ ਤੁਰ ਪਿਆ । ਚਿੱਟ ਵਿਚ ਉਸ ਨੂੰ ਸ਼ਕਤੀ ਜਾਪੀ "ਬਾਲਕੋਨੀ ਦੇ ਬੌਕਸ ਦੀਆਂ ਪੂਰੀਆਂ ਛੇ ਸੀਟਾਂ ਦੀ ਰੌਅ ।"

ਉਹ ਉਪਰ ਦੀ ਇਕ ਚੱਕਰ ਕੱਟ ਕੇ ਗੇਟ ਕੋਲ ਆ ਗਿਆ । ਉਸ ਦੀ ਪਤਨੀ ਤੇ ਗਵਾਂਢੀ ਟਿਕਟਾਂ ਲੈ ਕੇ ਅੰਦਰ ਜਾਣ ਲਈ ਪਰ੍ਹਾਂ ਚਲੇ ਗਏ ਸਨ । ਕਈ ਦੋਸਤ ਆਏ, ਹੱਥ ਮਿਲਾਇਆ ਤੇ ਅੰਦਰ ਲੰਘ ਗਏ । ਲੋਕ ਦਬਾ ਦਬ ਅੰਦਰ ਜਾ ਰਹੇ ਸਨ । "ਆ ਚਲੀਏ" ਭੋਲੇ ਦੀ ਅਵਾਜ਼ ਤੇ ਉਸ ਦੇ ਮੋਢੇ ਤੇ ਰੱਖੇ ਹੱਥ ਨੇ ਉਸ ਦਾ ਧਿਆਨ ਸੜਕ ਵਲੋਂ ਤੋੜ ਦਿਤਾ ।

"ਬਸ ਮੈਂ ਆਇਆ, ਕਿਸੇ ਦਾ ਇੰਤਜ਼ਾਰ ..." ਬਾਅਦ 'ਚ ਉਸ ਨੂੰ ਚੇਤਾ ਆਇਆ ਕਿ ਇਹ ਤਾਂ ਦਫ਼ਤਰ ਵਿਚ ਵੀ ਕੋਲ ਹੀ ਸੀ ।

"ਮੁੰਡਾ ਘੈਂਟ ਐ, ਪੂਰਾ ... ਸ਼ਰੀਫ਼ ...", ਉਹ ਕਿੰਨੀ ਦੇਰ ਮੁੰਡੇ ਵੱਲ ਤਕਦਾ ਰਿਹਾ ।

ਗਰਮੀ ਇੰਨੀ ਬਹੁਤੀ ਨਹੀਂ ਸੀ, ਪਰ ਫਿਰ ਵੀ ਉਸ ਨੂੰ ਆਪਣੇ ਬੂਟਾਂ 'ਚ ਮੁੜ੍ਹਕਾ ਮਹਿਸੂਸ ਹੋ ਰਿਹਾ ਸੀ । ਉਸ ਨੇ ਪੈਰ ਦੀਆਂ ਉਂਗਲਾਂ ਹੇਠਾਂ ਵਲ ਮੋੜੀਆਂ ਜੋ ਸਲ੍ਹਾਬੀ ਜੁਰਾਬ ਤੇ ਤਲੇ 'ਚ ਲਗਪਗ ਖੁੱਭ ਹੀ ਗਈਆਂ । ਉਸ ਨੇ ਕੱਛ 'ਚ ਆਏ ਮੁੜ੍ਹਕੇ ਨੂੰ ਤੱਕਿਆ ਤੇ ਉਸ ਦੀ ਨਿਗ੍ਹਾ ਬਾਂਹ ਤੇ ਚਲੀ ਗਈ । ਪਤਾ ਨਹੀਂ ਕਿਧਰੋਂ ਉਸ ਦੇ ਦਿਮਾਗ਼ ਵਿਚ ਇਹ ਗੱਲ ਆ ਗਈ ਕਿ ਉਸ ਨੂੰ ਪੂਰੀਆਂ ਬਾਹਾਂ ਦਾ ਕਮੀਜ਼ ਪਾਉਣਾ ਚਾਹੀਦੈ ।

ਲੋਕ ਲਗਪਗ ਅੰਦਰ ਜਾ ਚੁਕੇ ਸਨ । ਕੋਈ ਵਿਰਲਾ ਵਾਂਝਾ ਹੀ ਲੇਟ ਟਿਕਟ ਲੈ ਰਿਹਾ ਸੀ । ਰੇੜ੍ਹੀਆਂ ਵਾਲੇ ਸਿਗਰਟਾਂ ਸੁਲਗਾਈ ਅਰਾਮ ਕਰ ਰਹੇ ਸਨ ।

ਜੀਪ ਆ ਰਹੀ ਸੀ । ਉਹ ਸਾਵਧਾਨ ਹੋ ਗਿਆ । ਜੀਪ ਖਲੋ ਗਈ ਤੇ ਸਿਰਫ਼ ਤਿੰਨੇ ਜਣੇ ਹੀ ਉਤਰੇ । ਐਕਸੀਅਨ, ਉਸ ਦੀ ਪਤਨੀ, ਉਨ੍ਹਾਂ


ਭਾਰਤੀ ਆਰਟ ਜਿਊਲਰਜ਼

ORIENTAL SILVER AND GOLD JEWELRY REPAIRING



New Store
9:00 a.m. to 6:30 p.m.

**BHARTI ART JEWELLERS**

*Specialist in East Indian Jewelry Craftware*

RASIK PAREKH
Res.: 879-5610
Store: 874-9448

865 Kingsway nr. Fraser
Vancouver B.C., Canada

We Also Take Orders For
Marriage Party Photos and Group Photos
Contact Raj

**B. R. CONTRACTORS**

for

ELECTRICAL WIRING

in

New Houses (Residential, Commercial and Domestic) Installation and Repairs of Washers, Dryers and Stoves

FRAMING

For Custom Homes (Commercial, Residential and Industrial) plus renovations

All types of
Back Hoe Service
Digging, Trenching, Sewers, Back Filling, etc.



580 — Rubber wheeled backhoe

*Contact:*
TARLOCHAN BAINS
1363 E. 12th Avenue,
Vancouver, B.C.

Business: 879-2062
Mobile Phone: JR2-8484
*(via operator)*

THINKING OF TRAVEL?
WE CAN SAVE TIME & TROUBLE

GROUPS – CHARTER – EXCURSION
PAY LATER
SPECIAL IMMIGRANT FARES AVAILABLE

**GOYAL TRAVELS**

4160 FRASER STREET, VANCOUVER 10, B.C.
PHONE: 872-7658

ASSOCIATE OFFICES:
1. NEAR COURTS, MOGA, PANJAB (INDIA) – PHONE 798
2. NEAR COURTS, JAGRAEN, PANJAB (INDIA) – PHONE 252
3. NEAR COURTS, PHAGWARA, PANJAB (INDIA)

ਦੀ ਲੜਕੀ। ਜੀਪ ਵਾਪਸ ਚਲੀ ਗਈ ਤੇ ਉਹ ਵਗ ਕੇ ਉਨ੍ਹਾਂ ਕੋਲ ਗਿਆ ਤੇ ਸਤਿ ਸ੍ਰੀ ਅਕਾਲ ਬੁਲਾਈ।

ਚਾਹੁੰਦਿਆਂ ਹੋਇਆਂ ਵੀ ਉਸ ਤੋਂ ਮਾਂ ਧੀ ਦੇ ਚਿਹਰੇ ਚੰਗੀ ਤਰ੍ਹਾਂ ਨਾ ਦੇਖੇ ਗਏ।

ਉਹ ਅੱਗੇ ਅੱਗੇ ਤੇ ਉਹ ਤਿੰਨੇ ਪਿਛੇ। ਉਸ ਨੇ ਸੋਚਿਆ ਕਿ ਪੌੜੀਆਂ ਵਿਚਲੇ ਮੋੜ ਤੋਂ ਉਸ ਦਾ ਮੂੰਹ ਉਨ੍ਹਾਂ ਵੱਲ ਹੋਵੇਗਾ ਤਾਂ ਉਨ੍ਹਾਂ ਨੂੰ ਚੰਗੀ ਤਰ੍ਹਾਂ ਤੱਕ ਲਵੇਗਾ। ਪਰ ਉਥੇ ਪਹੁੰਚ ਕੇ ਉਸ ਦਾ ਦਿਲ ਇੰਨੇ ਜ਼ੋਰ ਦਾ ਧੜਕਿਆ ਕਿ ਉਸ ਦੀਆਂ ਅੱਖਾਂ 'ਚ ਉੱਘੜੀ ਤਸਵੀਰ ਧੁੰਦਲੀ ਹੋ ਗਈ। ਉਹ ਭੱਜ ਕੇ ਬਾਕੀ ਦੀਆਂ ਪੌੜੀਆਂ ਚੜ੍ਹ ਗਿਆ ਤੇ ਬਾਲਕੋਨੀ ਦੇ ਬੂਹੇ ਕੋਲ ਪਹੁੰਚ ਗਿਆ।

"ਐਧਰ ਸਰ ..." ਐਕਸੀਅਨ ਉਹਦੇ ਵਲ ਤੱਕ ਕੇ ਮੁਸਕਰਾਇਆ। "ਐਸ. ਡੀ. ਓ....... ?"

"ਸਰ ਉਹ ਉਥੇ ਨਹੀਂ ਸਨ .. ..." ਉਹ ਜਵਾਬ ਦੇ ਕੇ ਚੌੜਾ ਜਿਹਾ ਹੋ ਗਿਆ।

ਉਸ ਨੇ ਅੰਦਰ ਲੰਘ ਕੇ ਸੀਟ ਵੱਲ ਇਸ਼ਾਰਾ ਕੀਤਾ। ਉਹ ਤਿੰਨੇ ਜਣੇ ਉਰਲੀਆਂ ਸੀਟਾਂ ਤੇ ਹੀ ਬੈਠ ਗਏ। ਪਿਛਲੀ ਸੀਟ ਤੇ ਬੈਠਾ ਆਦਮੀ ਜੋ ਲਗ ਪਗ ਲੇਟਿਆ ਪਿਆ ਸੀ, ਬੈਠਾ ਹੋ ਗਿਆ। ਅਗੇ ਤਿੰਨ ਚਾਰ ਜਾਣਿਆਂ ਨੇ ਪਿਛਾਂਹ ਤੱਕਿਆ ਤੇ ਝੱਟ ਹੀ ਪਰਦੇ ਵਲ ਤੱਕਣ ਲੱਗ ਪਏ। ਪਰ ਖੂੰਜੇ 'ਚ ਬੈਠਾ ਮੁੰਡਾ ਜੋ ਹੁਣ ਟੇਢਾ ਹੋ ਕੇ ਬੈਠ ਗਿਆ ਸੀ; ਲਗਾਤਾਰ ਯਤਨ ਕਰ ਰਿਹਾ ਸੀ। ਮੁਰਾਰੀ ਪਿਛੇ ਆ ਕੇ ਕੰਧ ਨਾਲ ਲਗ ਕੇ ਖੜ ਗਿਆ ਹੈ।

"ਕੁੜੀ ਦੇ ਗੋਡਿਆਂ ਨਾਲ ਲੱਤਾਂ ਲਗਣਗੀਆਂ ਤਾਂ, ਪਤਨੀ ਤਾਂ ਬਿਲਕੁਲ ਹੀ ਐਕਸੀਅਨ ਨਾਲ ਗੋਡੇ ਲਾਈ ਬੈਠੀ ਹੈ। ਮੈਂ ਹੁਣ ਏਥੋਂ ਦੀ ਲੰਘ ਕੇ ਬੈਠ ਨਹੀਂ ਸਕਦਾ। ਸੀਟ ਉਰਲੇ ਪਾਸੇ ਹੁੰਦੀ ਤਾਂ ਠੀਕ ਸੀ ... ਕੇਹੋ ਆਦਮੀ ਨੇ ਐਕਸੀਅਨ ਇਕ ਤਾਂ ਉਹਦੇ ਨਾਲ ਵਾਲੀ ਸੀਟ ਤੇ ਬੈਠ ਜਾਂਦਾ ... ਉਸ ਦੀ ਕੁੜੀ ਦੇ ਬਰਾਬਰ ਵਾਲੀ ਸੀਟ ਤੇ ਬੈਠਣਾ ... ਉਫ।" ਉਹ ਗੇਟ ਖੋਲ੍ਹ ਕੇ ਬਾਹਰ ਨਿਕਲ ਆਇਆ। ਉਸ ਨੂੰ ਗਰਮੀ ਜਿਹੀ ਮਹਿਸੂਸ ਹੋ ਰਹੀ ਸੀ। ਉਸ ਨੇ ਸਿਗਰਟ ਸੁਲਗਾ ਲਈ ਤੇ ਪਿਸ਼ਾਬ ਕਰਨ ਚਲਾ ਗਿਆ। ਉਥੇ ਉਸ ਨੇ ਸ਼ੀਸ਼ੇ ਵਿਚ ਦੋ ਤਿੰਨ ਪਾਸਿਆਂ ਤੋਂ ਆਪਣਾ ਮੂੰਹ ਤੱਕਿਆ। ਉਦਾਸ — ਤੇ ਤੱਕ ਕੇ ਉਹ ਹੋਰ ਵੀ ਉਦਾਸ ਹੋ ਗਿਆ। ਉਸ ਨੇ ਸਿਗਰਟ ਦਾ ਜ਼ੋਰ ਦੀ ਕਸ਼ ਖਿਚਿਆ। ਐਨਕ ਨੂੰ ਉੱਪਰ ਚੁਕਦਿਆਂ ਸਰੀਰ ਵਲ ਨਿਗਾਹ ਮਾਰੀ, "ਆਖਰ ਉਹ ਵੀ ਬੰਦਾ ਈ ਐ ... ਕੀ ਹੋਇਆ ਜੇ... ਮੈਂ ਜ਼ਰੂਰ ਬੈਠਾਂਗਾ, ਮੂੰਹ ਤਾਂ ਨ੍ਹੀ ਪਾ ਜੂ ... ਜੇ ਉਹ ਮੈਨੂੰ ਨਾ ਜਾਣਦਾ ਹੁੰਦਾ ਤਾਂ ਬੈਠ ਹੀ ਜਾਂਦਾ ਨਾ! ਮੈਂ ਡਰਪੋਕ ਨਹੀਂ ... ਕੋਈ ਮਾਮੂਲੀ", ਤੇ ਜਲਦੀ ਉਹ ਵਾਪਸ ਆਇਆ। ਉਸ ਨੂੰ ਜਾਪਿਆ ਕਿ ਉਸ ਦੇ ਮੂੰਹ 'ਚੋਂ ਸਿਗਰਟ ਦੀ ਬੋ ਆ ਰਹੀ ਹੈ। ਉਹ ਵਾਪਸ ਗਿਆ ਤੇ ਕੁਰਲੀ ਕਰ ਕੇ ਅੰਦਰ ਚਲਾ ਗਿਆ। ਚੁਪ ਚਾਪ ਸਾਰੇ ਫ਼ਿਲਮ ਦੇਖ ਰਹੇ ਸਨ। ਅੰਦਰ ਹਨੇਰਾ ਏਨਾ ਨਹੀਂ ਸੀ। ਕਈਆਂ ਨੇ ਪਿਛੇ ਭੌਂ ਕੇ ਤੱਕਿਆ ਪਰ ਫੇਰ ਫ਼ਿਲਮ ਵੇਖਣ ਵਿਚ ਰੁਝ ਗਏ। ਉਹਨੇ ਖੜੇ ਖੜੇ ਪੂਰੀ ਕੋਸ਼ਿਸ਼ ਨਾਲ ਪਰਦੇ ਤੇ ਧਿਆਨ ਟਿਕਾਉਣਾ ਚਾਹਿਆ ਪਰ ਵਿਅਰਥ "ਰੰਗ ਬਰੰਗ", ਇਸ ਤੋਂ ਵਧ ਉਸ ਨੂੰ ਕੁਝ ਨਾ ਦਿਸਿਆ। ਉਹ ਹੋਰ ਅੱਗੇ ਵਧਿਆ ਤੇ ਲਗਪਗ ਉਨ੍ਹਾਂ ਦੀਆਂ ਸੀਟਾਂ ਦੇ ਬਰਾਬਰ ਚਲਿਆ ਗਿਆ। ਉਸ ਨੇ ਮਾਵਾਂ ਧੀਆਂ ਦੇ ਚਿਹਰੇ ਪਾਸੇ ਤੋਂ ਥੋੜਾ ਜਿਹਾ ਤੱਕੇ। ਐਕਸੀਅਨ ਉਹਦੇ ਵਲ ਝਾਕਿਆ। ਉਹ ਤ੍ਰਬਕ ਗਿਆ "ਸਰ ਕੋਲਡ ਡਰਿੰਕ", ਅਚਾਨਕ ਉਹਦੇ ਮੂੰਹੋਂ ਨਿਕਲਿਆ। ਐਕਸੀਅਨ ਨੇ ਪਤਾ ਨਹੀਂ ਉਹਦੀ ਗੱਲ ਸੁਣੀ ਜਾਂ ਨਹੀਂ। ਆਪਣੀ ਬਾਂਹ ਪਤਨੀ ਦੇ ਮੋਢੇ ਤੇ ਰੱਖ ਕੇ ਸਾਹਮਣੇ ਵੇਖਣ ਲਗ ਪਿਆ। ਬਹੁਤ ਹੀ ਭਿਆਨਕ ਸਾਜ ਵਜਿਆ ਪਰ ਉਹ ਪਰਦੇ ਤੇ ਤੱਕ ਨਾ ਸਕਿਆ। ਬਾਲਕੋਨੀ ਤੋਂ ਬਾਹਰ ਆ ਕੇ ਉਹ ਹੋਰ ਵੀ ਉਲਝਣ ਵਿਚ ਫਸ ਗਿਆ। "ਐਕਸੀਅਨ ਨੇ ਪਤਾ ਨਹੀਂ ਹਾਂ ਕਹੀ ਸੀ ਜਾਂ ਨਾਂਹ" ਉਸ ਨੇ ਬਾਰ ਬਾਰ ਉਹ ਤਸਵੀਰ ਅੱਖਾਂ ਅੱਗੇ ਲਿਆਉਣ ਦੀ ਕੋਸ਼ਿਸ਼ ਕੀਤੀ ਪਰ ਕੁਝ ਸਿੱਟਾ ਨਾ ਨਿਕਲਿਆ। ਉਸ ਨੇ ਸਿਗਰਟ ਸੁਲਗਾ ਲਈ "ਆਖਰ ਉਹ ਇਸ ਝੰਜਟ ਵਿਚ ਕਿਉਂ ਫਸਿਆ ਹੈ।


PHONE ANY TIME FOR
NEW & USED CARS and HALF TON TRUCKS



# MAJER SINGH DHALIWAL

**CAR SALESMAN**

**594-2838**

ਨਵੀਂ ਜਾਂ ਪੁਰਾਣੀ ਕਾਰ, ਵੈਗਨ ਜਾਂ ਪਿਕਅੱਪ ਅਤੇ ਟਰੱਕ ਆਦਿਕ ਤਸੱਲੀਬਖ਼ਸ਼ ਸਸਤੀਆਂ ਕੀਮਤਾਂ ਤੇ ਖਰੀਦਣ ਲਈ ਸੇਲਜ਼ਮੈਨ

ਮੇਜਰ ਸਿੰਘ ਧਾਲੀਵਾਲ

ਨੂੰ ਮਿਲੋ ਜਾਂ ਫੋਨ ਕਰੋ: 594-2838 (24 HRS.)



**GARY PONTIAC-BUICK & GMC LTD.**

THERE'S LIFE AT MARS

**MARS REALTY LTD.**
5467 VICTORIA DR., VANCOUVER, B.C.



BUS. 327-8315
RES. 433-3334

For all kinds of real estate services, contact

DARSHAN BRAR, M.A.

Member Medallion Club of Real Estate Board of Greater Vancouver.

Mortgages — Aprraisals — Rentals — Sales

ਪਤਨੀ ... ਸਾਰੇ ਉਹ ਮੁੰਡਾ ਕਿੰਨਾ ਖ਼ੁਸ਼ ਸੀ।" ਉਸ ਨੇ ਆਪਣਾ ਧਿਆਨ ਮੋੜ ਕੇ ਫੇਰ ਉਸ ਉਲਝਣ ਵਲ ਲਿਆਂਦਾ । ਕਈ ਵਾਰ ਸੋਚਣ ਤੇ ਵੀ ਉਹ ਇਸ ਗੱਲ ਨਾਲ ਸਹਿਮਤ ਨਾ ਹੋ ਸਕਿਆ ਕਿ ਉਹ ਦੁਬਾਰਾ ਜਾ ਕੇ ਪੁੱਛ ਲਵੇ। ਉਹ ਉੱਠਿਆ ਕੋਕੋ ਕੋਲੇ ਵਾਲੇ ਮੁੰਡੇ ਨੂੰ ਦੇਖ ਕੇ ਉਸ ਨੂੰ ਨਵੀਂ ਗੱਲ ਅੌੜ ਪਈ । ਮੁੰਡੇ ਨੂੰ ਕੋਲ ਸੱਦ ਕੇ ਉਹਨੇ ਆਖਿਆ—

"ਆਹ ਲੈ ਪੈਸੇ ਤੇ ਤਿੰਨ ਕੋਕੋ ਕੋਲੇ ਲੈ ਜਾਹ ... ਪਿਛੋਂ ਤੀਜੀ ਰੋਅ ਵਾਲੇ ਸਾਹਬ ਕੋਲ ਜਾ ਕੇ ਕਹੀਂ — 'ਜੀ ਤੁਸੀਂ ਮੰਗਾਏ ਐ' ਜੇ ਉਹਨਾਂ ਨੇ ਲੈ ਲਏ ਤਾਂ ਠੀਕ ਐ ਨਹੀਂ ਵਾਪਸ ਲੈ ਆਈਂ ਮੈਂ ਆਪੇ..."

ਮੁੰਡਾ ਝਟ ਅੰਦਰ ਲੰਘ ਗਿਆ । ਉਹ ਸੋਚਣ ਲੱਗਿਆ "ਪਤਾ ਨਹੀਂ . ." ਤੇ ਮੁੰਡਾ ਝਟ ਬਾਹਰ ਆ ਗਿਆ "ਜੀ ਉਨ੍ਹਾਂ ਨਹੀਂ ਲਏ" ਉਹ ਮੁਰਝਾ ਜਿਹਾ ਗਿਆ। ਉਸ ਨੇ ਉਸ ਤੋਂ ਦੋ ਬੋਤਲਾਂ ਫੜੀਆਂ ਤੇ ਗਟਾਗਟ ਪੀ ਗਿਆ ਤੇ ਉਸ ਨੇ ਮੁੰਡੇ ਨੂੰ ਆਖਿਆ "ਇਕ ਤੂੰ ਪੀ ਲੈ" ਉਸ ਨੂੰ ਨਾਸਾਂ 'ਚੋਂ ਧੂੰਆ ਜਿਹਾ ਨਿਕਲਦਾ ਮਹਿਸੂਸ ਹੋਇਆ ਪਰ ਇਹ ਗਰਮੀ ਨਹੀਂ ਸੀ । ਉੱਠ ਕੇ ਫੇਰ ਅੰਦਰ ਜਾਣ ਲਗਿਆ। ਉਸ ਨੇ ਗੇਟ ਖੋਲ੍ਹ ਕੇ ਫਿਰ ਬੰਦ ਕਰ ਦਿਤਾ । ਗੇਟ-ਕੀਪਰ ਬਾਹਰ ਆ ਗਿਆ "ਜਾਂ ਤਾਂ ਅੰਦਰ ਆ ਜਾਹ, ਜਾਂ ਬਾਹਰ — ਬਾਰ ਬਾਰ ਅੰਦਰ ਚਾਨਣ ਜਾਂਦੈ, ਤੂੰ ਵੇਖਦਾ ਨਹੀਂ ?'

"ਐਕਸੀਅਨ ..." ਉਹ ਬੁੜ-ਬੁੜਾਇਆ ।

"ਠੀਕ ਐ ... ਹੋਊ ... ਮੇਰੀ ਏਥੇ ਡਿਊਟੀ ਐ ... ਤੂੰ ਦੇਖਦਾ ਨਹੀਂ, ਅੰਦਰਲੇ ਲੋਕ ਇਸਦਾ ਬੁਰਾ ਮਨਾਉਂਦੇ ਨੇ।"

"ਡਿਊਟੀ ਐ ! ਐਵੇਂ ਰੋਹਬ ਕਾਹਦਾ ਪਾਉਂਦੈ ... ਖਵਨੀ ਸੌ ਰੁਪਿਆ ਮਿਲਦਾ ਹੋਊ ਖਵਨੀ ਨਹੀਂ, ਖੇਤ ਜੱਟ ਦਾ ਤੇ ਆਕੜ ਚੂੜ੍ਹੇ ਦੀ।" ਪਿਛਲੇ ਸ਼ਬਦ ਬੇਸ਼ਕ ਉਸ ਨੇ ਮੂੰਹ ਵਿਚ ਹੀ ਕਹੇ ਪਰ ਉਸ ਨੂੰ ਆਪਣੇ ਆਪ ਨੂੰ ਸੁਣੇ ਬਿਨਾ ਨਾ ਰਹਿ ਸਕੇ। ਉਹ ਬਾਹਰ ਜਾ ਕੇ ਬੈਠ ਗਿਆ । ਉਸ ਦੀਆਂ ਸੋਚਾਂ ਵਿਚ 'ਉਸ ਦਾ ਪਿੰਡ ... ਘਰ — ਪਤਨੀ ... ਐਕਸੀਅਨ... ਕੁੜੀ...' ਤੇ ਕਿੰਨਾ ਹੋਰ ਕੁਝ ਵਿਚਰਦਾ ਰਿਹਾ।

ਇੰਟਰਵਲ ਹੋ ਗਿਆ ਸੀ। ਉਹ ਉੱਠਿਆ। ਸ਼ੈਦ ਐਕਸੀਅਨ ਉਸਨੂੰ ਕੁਝ ਪੁਛੇ ਤੇ ਹੋ ਸਕਦੈ ਉਸ ਦੇ ਸਾਰੇ ਕੁਝ ਦਾ ਮੁੱਲ ਪੈ ਜਾਵੇ । ਉਹ ਬਾਲਕੋਨੀ 'ਚੋਂ ਬਾਹਰ ਆਏ। ਪੰਜ ਛੇ ਆਦਮੀ ਤੀਵੀਆਂ ਉਹਨਾਂ ਨਾਲ ਗੱਲਾਂ ਵਿਚ ਉਲਝੇ ਹੋਏ ਸਨ।

ਉਹਨਾਂ ਨੇ ਉਸ ਵੱਲ ਤਕਿਆ।

ਉਹ ਪੌੜੀਆਂ ਕੋਲ ਆ ਕੇ ਖਲੋ ਗਿਆ । ਥੱਲੇ ਨਿਗਾਹ ਮਾਰੀ। ਹੇਠਾਂ ਲੋਕ ਉਸ ਨੂੰ ਬਹੁਤ ਹੀ ਛੋਟੇ ਛੋਟੇ ਜਾਪ ਰਹੇ ਸਨ ਜਿਵੇਂ ਸਾਰਿਆਂ ਦੇ ਸਿਰ ਧਰਤੀ ਨੂੰ ਛੂਹ ਰਹੇ ਹੋਣ। ਪਰ ਫਿਰ ਵੀ ਸਭ ਹਿੱਲ ਰਹੇ ਸਨ। ਇਕ ਦੂਜੇ 'ਚ ਫਸੀਆਂ ਬਾਹਾਂ, ਗੱਲਾਂ ਕਰਦਿਆਂ 'ਚ ਹਿਲਜੁਲ । ਕੁਝ ਤੁਰ ਵੀ ਰਹੇ ਸਨ। ਉਹ ਪੌੜੀਆਂ ਉਤਰਨ ਲੱਗਾ ਤੇ ਵਿਚਕਾਰ ਮੋੜ ਤੇ ਆ ਕੇ ਖਲੋ ਗਿਆ । ਉਸ ਨੇ ਉੱਪਰ ਤੱਕਿਆ ਤੇ ਹੇਠਾਂ ਵਲ ਨਿਗਾਹ ਮਾਰੀ। ਉਸ ਦੇ ਪੈਰਾਂ ਕੋਲ ਇਕ ਸਿਗਰਟ ਦਾ ਟੋਟਾ ਪਿਆ ਸੀ । ਜਿਸ ਨੂੰ ਉਸ ਨੇ ਠੁੱਡਾ ਮਾਰਿਆ। ਟੋਟਾ ਥੱਲੇ ਡਿੱਗ ਕੇ ਫਰਸ਼ ਤੇ ਰਿੜ੍ਹਨ ਲਗ ਪਿਆ । ਪਤਾ ਨਹੀਂ ਕੀ ਸੋਚ ਕੇ ਉਸ ਨੇ ਥੱਲੇ ਉਤਰਨ ਲਈ ਵਧਦਾ ਪੈਰ ਰੋਕ ਲਿਆ। ਥੱਲਿਓਂ ਕੁਝ ਕੁ ਜਾਣਕਾਰਾਂ ਨੇ ਉਹਦੇ ਨਾਲ ਨਿਗਾਹ ਰਲਾਈ ਤੇ 'ਕੀ ਹਾਲ ਐ !' ਵਗੈਰਾ ਕਹਿੰਦੇ ਫਿਰ ਅੱਗੇ ਤੁਰ ਗਏ। ਕਿਸੇ ਥਲੇ ਉਤਰਦੇ ਦਾ ਮੋਢਾ ਉਸ ਵਿਚ ਵੱਜਿਆ। ਉਹ ਰੇਲਿੰਗ ਨੂੰ ਹੱਥ ਪਾ ਕੇ ਥੱਲੇ ਵਾਲੀ ਪੌੜੀ ਤੇ ਪੈਰ ਧਰਨੋਂ ਰੁਕਿਆ ਰਿਹਾ।

"ਉਤਰ ਆ ਯਾਰ ਵਿਚਾਲੇ ਈ ਖੜੈਂ, ਕੋਈ ਸੁਣਾ ਗੱਲ ਬਾਤ—" ਭੋਲੇ ਨੇ ਇਸ ਅੰਦਾਜ਼ ਵਿਚ ਕਿਹਾ ਕਿ ਉਹ ਫਟਾ ਫਟ ਥੱਲੇ ਉਤਰ ਗਿਆ।

"ਕਿਹੋ ਜੀ ਲੱਗੀ ਫ਼ਿਲਮ", ਭੋਲੇ ਨੇ ਉਸ ਦੇ ਮੋਢੇ ਤੇ ਹੱਥ ਰਖਦਿਆਂ ਕਿਹਾ।

"ਵਾਹਵੇ ਉਂ ਤਾਂ — ਲੈ ਸੁਣ ਇਹ ਅਫ਼ਸਰ ਬੜੇ ਕਮੀਨੇ ਹੁੰਦੇ ਐ, ਦੂਜੇ ਨੂੰ ਬੰਦਾ ਈ ਨੀ ਸਮਝਦੇ। ਤੇਰੇ ਕੋਲ ਕਰ ਲਈਦੀਏ ਯਾਰ ਇਹੋ ਜੀਆਂ ਗੱਲਾਂ, ਨਹੀਂ ਏਥੇ ਕੌਣ ਸੁਣਦਾ, ਸਗੋਂ ਮਖ਼ੌਲ ਹੁੰਦੇ ਐ — ਸੱਚ


**NEW**

**RADIO PROGRAM!**

SATURDAY, 7 TO 8 A.M.
K.I.S.M. FM 93

Program Producer:

**ANDRESH**

(321-2785)

OUR BEST WISHES TO
ANDRESH (ACTOR OF OUR
PRODUCTIONS 'RATTA SALU'
AND LOHA KUT') IN HIS
NEW VENTURE!

WATNO DUR
&
WATNO DUR ART FOUNDATION



ਪੰਜਾਬੀ ਸਾਹਿਤ ਸਭਾ ਟੋਰਾਂਟੋ

ਦੀ ਸਾਲਾਨਾ ਚੋਣ (1976-77)

ਪ੍ਰਧਾਨ : ਤ੍ਰਿਲੋਚਨ ਸ. ਗਿੱਲ
ਮੀਤ ਪ੍ਰਧਾਨ : ਮਨਜੀਤ ਸਟਰੀ
ਸਕੱਤਰ : ਸੁਖਿੰਦਰ ਸਿੰਘ
ਖਜ਼ਾਨਚੀ : ਰਛਪਾਲ ਸ. ਰਾਣੀਆ

ਐਗਜ਼ੈਕਟਿਵ ਕਮੇਟੀ ਦੇ ਮੈਂਬਰ:

ਸੁਰਿੰਦਰ ਧੰਜਲ
ਕਿਰਪਾਲ ਸ. ਪੰਨੂੰ
ਇਕਬਾਲ ਇਸ਼ਾਨੀ
ਹਰਦੇਵ ਸਿੰਘ
ਸੁਰਿੰਦਰ ਪੰਛੀ

ਮੈਂਬਰਸ਼ਿਪ ਤੇ ਹੋਰ ਜਾਣਕਾਰੀ ਲਈ ਇਸ ਪਤੇ ਤੇ ਲਿਖੋ:

1433 BLOOR W. TORONTO ONT.
(536-4737)

ਸੁਖਿੰਦਰ ਸਿੰਘ
( ਸਕੱਤਰ )

ਫ਼ਿਲਮ — ਵਾਹਵੇ ।" ਉਸ ਦੀ ਰੋਣ-ਹਾਕੀ ਆਵਾਜ਼ ਕੰਬ ਰਹੀ ਸੀ। ਉਹ ਕਿੰਨਾਂ ਚਿਰ ਹੀ ਗੱਲਾਂ ਕਰਦੇ ਰਹੇ । ਭੋਲੇ ਦੀਆਂ ਗੱਲਾਂ 'ਚ ਉਸ ਨੂੰ ਮਿਠਾਸ ਜਿਹੀ ਜਾਪੀ ਤੇ ਉਸ ਨੂੰ ਲੱਗਿਆ, ਸੱਚੀਆਂ ਗੱਲਾਂ ਕੌੜੀਆਂ ਨਹੀਂ ਹੁੰਦੀਆਂ ।

ਇਨਟਰਵਲ ਖ਼ਤਮ ਹੋ ਗਿਆ ਸੀ । ਉਸ ਨੇ ਆਪਣੀ ਪਤਨੀ ਦੀ ਭਾਲ ਵਿਚ ਨਜ਼ਰ ਦੁੜਾਈ। ਉਹ ਦੋਵੇਂ ਅੰਦਰ ਚਲੇ ਗਏ । ਉਹ ਲੱਭਦਾ ਲੱਭਦਾ ਆਖ਼ਰ ਆਪਣੀ ਪਤਨੀ ਕੋਲ ਪਹੁੰਚ ਗਿਆ । ਪਰ ਉਸ ਦੇ ਨਾਲ ਵਾਲੀ ਸੀਟ ਵਿਹਲੀ ਨਹੀਂ ਸੀ। ਇਕ ਪਾਸੇ ਉਸਦੇ ਗਵਾਂਢੀ ਬੈਠੇ ਸਨ। ਦੂਜੇ ਪਾਸੇ ਤਿੰਨ ਕੁ ਸੀਟਾਂ ਛੱਡ ਕੇ ਇਕ ਸੀਟ ਵਿਹਲੀ ਪਈ ਸੀ।

ਉਸ ਦੀ ਪਤਨੀ ਨੇ ਉਸ ਵੱਲ ਉਤਸੁਕਤਾ ਨਾਲ ਤੱਕਿਆ ਪਰ ਫੇਰ ਮੂੰਹ ਵੱਟ ਕੇ ਸਾਹਮਣੇ ਦੇਖਣ ਲਗ ਪਈ।

"ਆ ਬਈ, ਮੁਰਾਰੀ !" ਉਸ ਦਾ ਗੁਆਂਢੀ ਬੋਲਿਆ।

"ਜੇ ਤੁਸੀਂ ਇਕ ਇਕ ਸੀਟ ਪਰ੍ਹਾਂ ਨੂੰ ਹੋ ਜਾਵੋ— ਪਲੀਜ਼, ਉਸ ਨੇ ਨਾਲ ਦੀ ਸੀਟ ਵਾਲੇ ਨੂੰ ਕਿਹਾ।

ਸੀਟ ਵਾਲੇ ਨੇ ਕੋਈ ਖ਼ਾਸ ਧਿਆਨ ਨਾ ਦਿੱਤਾ ।

ਪਤਾ ਨਹੀਂ ਉਸਦੀ ਪਤਨੀ ਦੇ ਚਿੱਤ ਵਿਚ ਕੀ ਆਇਆ ਕਿ ਉਹ ਖੜੀ ਹੋ ਗਈ। 'ਐਥੇ ਆ ਜਾਓ' ਪਹਿਲਾਂ ਤਾਂ ਉਸਦਾ ਹੌਂਸਲਾ ਜਿਹਾ ਨਾ ਪਿਆ ਪਰ ਫਿਰ ਉਹ ਆਪਣੀ ਪਤਨੀ ਦੇ ਚਿਹਰੇ ਦਾ ਆਦਰ ਵਾਲਾ ਰੰਗ ਦੇਖ ਕੇ ਬੈਠਣ ਲਈ ਤਿਆਰ ਹੋ ਗਿਆ। ਨਾਲ ਦੀਆਂ ਸੀਟਾਂ ਵਾਲੇ ਇਕ ਇਕ ਸੀਟ ਪਰ੍ਹਾਂ ਨੂੰ ਹੋ ਗਏ ਤੇ ਉਹ ਬੈਠ ਗਈ ।

ਉਹ ਲੱਤ ਤੇ ਲੱਤ ਧਰ ਕੇ ਅਰਾਮ ਨਾਲ ਬੈਠ ਗਿਆ ।

ਉਸ ਨੂੰ ਪੈਰਾਂ ਵਿਚ ਖ਼ੁਰਕ ਜਿਹੀ ਮਹਿਸੂਸ ਹੋਈ। ਉਸਨੇ ਤਸਮੇ ਢਿੱਲੇ ਕਰਨ ਲਈ ਹੱਥ ਵਧਾਇਆ। ਉਸਦੇ ਹੱਥ ਵਿਚ ਉਹੀ ਧਾਗਾ ਆ ਗਿਆ। ਧਾਗਾ ਵਾਹਵਾ ਲੰਬਾ ਸੀ। "ਪੈਂਟ ਦੇ ਰੰਗ ਦੈ, ਚਲੋ ਕਦੇ ਬਟਨ —" ਉਸ ਨੇ ਧਾਗਾ ਜੇਬ ਵਿਚ ਪਾ ਲਿਆ।

"ਮੇਰਾ ਕੀ ਐ—," ਉਸ ਦੀ ਪਤਨੀ ਦੀਆਂ ਅੱਖਾਂ 'ਚੋਂ ਦੋ ਹੰਝੂ ਨਿਕਲੇ, ਗਲ੍ਹਾਂ ਤੇ ਆ ਕੇ ਰੁਕੇ ਤੇ ਲੰਬੇ ਹਾਉਕੇ ਦੇ ਨਾਲ ਹੀ ਤੇਜ਼ੀ ਨਾਲ ਥੱਲੇ ਵਹਿ ਗਏ।

"ਨਹੀਂ—ਇਹ ਵੀ ਕੋਈ—ਮੈਂ—," ਉਸ ਤੋਂ ਅੱਗੇ ਬੋਲਿਆ ਨਾ ਗਿਆ।

ਉਸਨੇ ਆਪਣੀ ਬਾਂਹ ਪਤਨੀ ਦੇ ਮੋਢੇ ਤੇ ਰੱਖ ਲਈ।

ਗਵਾਂਢਣ ਇਕ ਵੇਰ ਉਨ੍ਹਾਂ ਵਲ ਦੇਖ ਕੇ ਸਾਹਮਣੇ ਤੱਕਣ ਲੱਗ ਪਈ।

"ਪਹਿਲਾਂ ਉਪਰ ਬੈਠੇ ਸੀ—?"

"ਨਹੀਂ—ਕਿਤੇ ਵੀ ਨਹੀਂ," ਉਸਨੇ ਕਾਹਲੀ ਵਿਚ ਝੂਠ ਮਾਰਿਆ ਸੀ ਪਰ ਸੱਚ ਨਿਕਲ ਗਿਆ। ਉਸ ਨੂੰ ਖ਼ਿਆਲ ਆਇਆ ਕਿ ਉਸ ਕੋਲ ਟਿਕਟ ਤਾਂ ਬਾਲਕੋਨੀ ਦੀ ਹੈ। ਏਥੇ ਉਹ ਕਿਵੇਂ ਬੈਠੇਗਾ, ਉਸ ਨੂੰ ਗੇਟ ਕੀਪਰ ਤੋਂ ਪੁੱਛਣਾ ਚਾਹੀਦਾ ਹੈ, ਉਹ ਉੱਠਿਆ। ਭਿਆਨਕ ਸਾਜ਼ ਵੱਜਿਆ ਜੋ ਉਸਦੇ ਅੰਗ ਅੰਗ ਨੂੰ ਚੀਰ ਗਿਆ। ਬਾਲਕੋਨੀ ਵਾਲੀ ਤਸਵੀਰ ਉਸ ਦੀਆਂ ਅੱਖਾਂ ਅਗੋਂ ਲੰਘ ਗਈ। ਉਹ ਡਰ ਜਿਹਾ ਗਿਆ। ਉਸਦੇ ਦਿਮਾਗ ਨੂੰ ਧੂੰਆਂ ਚੜ੍ਹਦਾ ਜਾਂਦਾ ਸੀ। "ਮੈਂ ਉਤੇ—" ਉਸਨੇ ਪਿਛਾਂਹ ਨਿਗਾਹ ਮਾਰੀ। ਲੋਕ ਲਗਪਗ ਆਰਾਮ ਨਾਲ ਫਿਲਮ ਦੇਖ ਰਹੇ ਸਨ। "ਐਂ ਬੈਠੇ ਨੇ ਜਿਵੇਂ ਕੁਝ ਵੀ ਨਾ ਹੋਵੇ—," ਉਸ ਨੇ ਚਿੱਤ 'ਚ ਹੀ ਸਾਰਿਆਂ ਨੂੰ ਗਾਲ੍ਹ ਕੱਢੀ ਤੇ ਹੋਰ ਧਿਆਨ ਨਾਲ ਦੇਖਣ ਲਗ ਪਿਆ।

ਬੂਹੇ ਬੇਸ਼ਕ ਬੰਦ ਸਨ, ਪਰ ਇਹ ਪੁਰਾਣਾ ਥੀਏਟਰ ਆਪਣੇ ਅੰਦਰ ਬਾਹਰੋਂ ਰੋਸ਼ਨੀ ਆਉਣ ਤੋਂ ਰੋਕ ਨਹੀਂ ਸੀ ਸਕਿਆ। ਪਰਦੇ ਤੋਂ ਮੁੜਕੇ ਰੋਸ਼ਨੀ ਵੀ ਸਾਰਿਆਂ ਦੇ ਚਿਹਰਿਆਂ ਤੇ ਪੈ ਰਹੀ ਸੀ। ਕਿੰਨੇ ਹੀ ਉਸ ਦੇ ਜਾਣਕਾਰ ਸਨ, ਕਲਰਕ—ਦੋਸਤ—ਭੋਲੇ ਨੇ ਫਿਰ ਉਸ ਵਲ 'ਹੈਲੋ' ਕਹਿੰਦਾ ਹੱਥ ਚੁਕਿਆ । ਉਸ ਨੂੰ ਆਨੰਦ ਜਿਹਾ ਆ ਗਿਆ । ਉਸ ਦੇ ਨੇੜੇ ਹੀ

FOR ANY KIND OF
**Photography**
REMEMBER !!
# SANDEEP STUDIO
CALL
HARCHARAN JHUTEE
325-9255

# GILL INSURANCE SERVICES CO. LTD.
B—3906 Knight Street
at Kingsway)
Vancouver, B.C.
AUTO - FIRE - LIFE
OFF.: 879-5522 RES.: 434-7757
ਗਿੱਲ ਇਨਸ਼ੋਅਰੈਂਸ
ਸਰਵਿਸਜ਼ ਕੰਪਨੀ ਲਿਮਿਟਡ
( ਸੁਰਜੀਤ ਗਿੱਲ )

*INDIA'S & CANADA'S FINEST CUISINE*

– KABOB – BONES & BEANS – TANDORI & CURRIES –

LICENSED

ਰਾਜਾ ਰੈਸਟੋਰੈਂਟ

325-5014

# RAJA RESTAURANT

*Specializing in:*

BANQUETS & CATERING, PRIVATE HOME PARTIES

– DINE IN OR TAKE OUT –

**7271 MAIN STREET, VANCOUVER, B.C.**



**FOR**

**LIFE INSURANCE**

**EDUCATION PLAN**

**MORTGAGE PLAN**

**Retirement registered Saving Plan**

**and all other kinds of insurance**

**Contact**

# DALJIT SANDHU

of

## National Life of Canada

Suite 501, 1155—West Pender Street

Vancouver, B.C. Phone: 685-7231

ਹਰ ਕਿਸਮ ਦੇ ਬੀਮੇ ਲਈ ਤੁਹਾਡੇ ਸੁਘੜ

ਅਤੇ ਤਜਰਬੇਕਾਰ ਸਹਾਇਕ :-

## ਦਲਜੀਤ ਸੰਧੂ



| Office | Residence |
|---|---|
| 685-7231 | 278-0491 |

# BLOCK BROS. REALTY LTD.

(581-4601)



**Darshan Uppal**
Res.: 594-8758

ਹਰ ਤਰ੍ਹਾਂ ਦੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਤੁਹਾਡੇ
ਨਵੇਂ ਸਹਾਇਕ

**ਦਰਸ਼ਨ ਉੱਪਲ**

581-4601 594-8758



# EAST WEST QUALITY WEAR

7220 MAIN ST. (51st Ave.) Phone: 325-5414

*Announces the Grand Opening of 2nd Location at*

## 6131 Fraser St. (45th Ave.)
## Phone: 325-6311

*(Wholesale and Retail)*

★

Their old store at 1290 E. 12th Ave. (at Clark Drive) is now a grocery store where you can get –
All East Indian groceries such as Spices, Pickles, Roti Flour, Fresh Fruits and Vegetables, and Canadian groceries.



BEST WISHES FROM

**WATNO DUR**

to

# BALWINDER BRAR M.Sc.

(Fresh, Young and Talented Real Estate Salesman)

Office: 581-4601
Residence: 596-6606

# BLOCK BROS. REALTY LTD.

**A Division of Block Bros. Industries Ltd.**
9360 – 120 Street, Surrey, B.C.
581-4601



# BUYING OR SELLING

**For Complete Service in Real Estate:**

**LOTS, ACREAGE, HOMES, DUPLEXES, APARTMENTS, MORTGAGE FINANCING, ETC.**
**call**



**DALJIT SIDHU**

Office: 581-4601 596-9062
Res.: 596-2666

*SERVING YOUR BEST INTERESTS FOR THE LAST FIVE YEARS!*

# BLOCK BROS. REALTY LTD.

**A Division of Block Bros. Industries Ltd.**
9360 – 120 Street, Surrey, B.C.
581-4601

# Top Priority

ANYTHING MORE IMPORTANT THAN YOUR FAMILY'S FUTURE?
PUT FIRST THINGS WITH COMMON SENSE LIFE INSURANCE
CALL ME TODAY



**Ajit Sidhu**
Sales Representative
**President's Council**

OFFICE:
524-3601
RESIDENCE:
584-4516

**AJIT SIDHU**

is a professional all the way. The needs of his clients have always been his major concern. This dedication and service to his policyholders has ranked Ajit among the leading sales representatives of Metropolitan Life. He is also a member of the Life Underwriters Association of Canada.

Mr. Sidhu lives with his wife and family in Surrey, and is associated with the Company's District Sales Office at 550 – 6th Street, in New Westminster, B.C. Sound insurance counselling can be obtained by telephoning him at 524-3601, or at his residence by dialing 584-4516.

Dedication to his many policyholders marks him as a true professional, and we at Metropolitan take great pride in Ajit Sidhu.

Vice-President

**METROPOLITAN LIFE**
550 6th Street
New Westminster, B.C.

*Your Satisfaction Is Our Pleasure Pleasure*

# PAMELA INTERNATIONAL TRAVEL

**4877 MAIN STREET, VANCOUVER, B.C. PHONE: 876-2248**

SERVING YOU AT DIFFERENT LOCATIONS:
DELHI, BANGKOK, HONG KONG & LOS ANGELES

SPECIALIZE IN FARES TO
INDIA, LONDON, HONG KONG, TOKYO, FIJI, SINGAPORE, BANGKOK

4 MONTHS EXCURSION VIA LONDON OR HONG KONG ($959 + TAX)

ਲੰਡਨ ਜਾਂ ਹਾਂਗਕਾਂਗ ਰਾਹੀਂ 4 ਮਹੀਨੇ ਲਈ ਆਉਣ ਜਾਣ ਦਾ ਸਪੈਸ਼ਲ ਕਿਰਾਇਆ:
(੯੫੯ ਡਾਲਰ + ਟੈਕਸ)

**FOR ALL YOUR TRAVEL NEEDS**
**CONTACT**

**PAMTRAVEL — 876-2248**

ਪੰਜਾਬੀ ਦਾ ਸਾਹਿਤਕ ਤੇ ਸੱਭਿਆਚਾਰਕ ਮਾਸਕ-ਪੱਤਰ : ਵਤਨੋਂ ਦੂਰ
LITERARY & CULTURAL MONTHLY OF PANJABI
THE WATNO DŪR
P.O. Box 1041, Coquitlam, B.C., Canada, V3J 6Z4
Second Class Mail Registration No. 3233
Volume 4 APRIL, 1976 S. No. 34



JAGJIT S. SIDHU, M.A.
Millionaire Club Member

*JAGJIT SINGH SIDHU can help you plan for the future. Let him program your complete insurance portfolio namely:*

Life Insurance, Accident and Sickness Protection, Investments, Registered Retirement Savings Plans, Children's Educational Program, etc.

JAGJIT SINGH SIDHU HAS ESTABLISHED HIMSELF AS ONE OF THE TOP REPRESENTATIVES OF THE COMPANY. HIS DEPENDABLE SERVICE TO HIS CLIENTS EARNED HIM THE COVETED MEMBERSHIP IN THE MILLIONAIRE CLUB, YOU WILL BE WELL LOOKED AFTER BY MR. SIDHU.

T. N. SASIDHARAN
Manager

Let J. S. Sidhu show you how to save with R.R.S.P. —
Contact without obligation

JAGJIT SINGH SIDHU

**SEABOARD LIFE INSURANCE COMPANY**
**1920 West Broadway**
**Vancouver**

**Off.: 736-7471 Res.: 271-4774**